ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 122 | Tuesday, June 25, 2019 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWS | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
ROYAL CANADIAN REALTY, BROKERAGE
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

## ਡਾਊਨਟਾਊਨ ਟੋਰਾਂਟੋ ਪਹੁੰਚੀ ਪ੍ਰਾਈਡ ਪਰੇਡ ਵਿਚ ਟਰੂਡੋ ਸਮੇਤ ਕਈ ਐਮਪੀਜ਼ ਨੇ ਲਿਆ ਹਿੱਸਾ

ਟੋਰਾਂਟੋ, 24 ਜੂਨ (ਪੋਸਟ ਬਿਊਰੋ) : ਡਾਊਨਟਾਊਨ ਟੋਰਾਂਟੋ ਪਹੁੰਚੀ ਸਿਟੀ ਦੀ ਸਾਲਾਨਾ ਪ੍ਰਾਈਡ ਪਰੇਡ ਵਿਚ ਰੰਗ-ਬਿਰੰਗੇ ਕੱਪੜੇ ਪਾ ਕੇ ਵੱਡੀ ਗਿਣਤੀ ਲੋਕਾਂ ਨੇ ਹਿੱਸਾ ਲਿਆ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਕਈ ਕੈਬਨਿਟ ਮੰਤਰੀਆਂ ਅਤੇ ਟੋਰਾਂਟੋ ਦੇ ਮੇਅਰ ਜੌਹਨ ਟੋਰੀ ਨਾਲ ਇਸ ਪਰੇਡ ਵਿੱਚ ਹਿੱਸਾ ਲਿਆ।

ਟਰੂਡੋ ਨੇ ਆਖਿਆ ਕਿ ਟੋਰਾਂਟੋ ਵਿੱਚ ਕੈਨੇਡਾ ਦੀ ਸੱਭ ਤੋਂ ਵੱਡੀ ਪ੍ਰਾਈਡ ਪਰੇਡ ਵਿੱਚ ਹਿੱਸਾ ਲੈਣਾ ਆਪਣੇ ਆਪ ਵਿੱਚ ਹੀ ਕਮਾਲ ਦਾ ਤਜਰਬਾ ਹੈ। ਟਰੂਡੋ ਇਸ ਪਰੇਡ ਵਿੱਚ ਸਾਰਿਆਂ ਨੂੰ ਹੱਥ ਹਿਲਾਉਂਦੇ, ਹੈਪੀ ਪਰੇਡ ਆਖਦੇ ਅੱਗੇ ਵੱਧ ਰਹੇ ਸਨ। ਉਹ ਸਟਰੀਟ ਦੇ ਦੋਵਾਂ ਪਾਸਿਆਂ ਉੱਤੇ ਖੜ੍ਹੇ ਲੋਕਾਂ ਨਾਲ ਵੀ ਅੱਗੇ ਵੱਧਦੇ ਹੋਏ ਹੱਥ ਮਿਲਾ ਰਹੇ ਸਨ। ਇਸ ਪਰੇਡ ਵਿੱਚ ਕਈ ਲਿਬਰਲ ਐਮਪੀਜ਼ ਜਿਵੇਂ ਕਿ ਕ੍ਰਿਸਟੀਆ ਫਰੀਲੈਂਡ, ਮੇਲੈਨੀ ਜੋਲੀ ਤੇ ਕੈਰੋਲਿਨ ਬੈਨੇਟ ਨੇ ਵੀ ਹਿੱਸਾ ਲਿਆ।



ਇਸ ਸਾਲ ਦੀ ਪਰੇਡ ਵਿੱਚ ਪ੍ਰੀਮੀਅਰ ਡੱਗ ਫੋਰਡ ਕਿਤੇ ਨਜ਼ਰ ਨਹੀਂ ਆਏ। ...ਬਾਕੀ ਪੰਨਾ 6 'ਤੇ

## ਟਰੱਕਿੰਗ ਇੰਡਸਟਰੀ ਲਈ ਹੀ ਪ੍ਰੋਵਿੰਸ਼ੀਅਲ ਇਮੀਗ੍ਰੇਸ਼ਨ ਪ੍ਰੋਗਰਾਮ ਤਹਿਤ ਕੀਤੀਆਂ ਗਈਆਂ ਹਨ ਤਬਦੀਲੀਆਂ : ਸਮਿੱਥ



ਓਨਟਾਰੀਓ, 24 ਜੂਨ (ਪੋਸਟ ਬਿਊਰੋ) : ਡੱਗ ਫੋਰਡ ਦੇ ਸੀਨੀਅਰ ਕੈਬਨਿਟ ਮੰਤਰੀਆਂ ਵਿੱਚੋਂ ਇੱਕ ਮੰਗਲਵਾਰ ਨੂੰ ਨੌਰਥ ਬੇਅ ਵਿੱਚ ਸਨ। ਇੱਥੇ ਉਨ੍ਹਾਂ ਟਰੱਕਿੰਗ ਇੰਡਸਟਰੀ ਬਾਰੇ ਤੇ ਕੰਪਨੀਆਂ ਦੀ ਡਰਾਈਵਰ ਤਲਾਸ਼ ਕਰਨ ਤੇ ਉਨ੍ਹਾਂ ਨੂੰ ਹਾਇਰ ਕਰਨ ਦੀ ਲੋੜ ਉੱਤੇ ਚਰਚਾ ਕੀਤੀ।

ਇਕਨੌਮਿਕ ਡਿਵੈਲਪਮੈਂਟ ਤੇ ਜੌਬ ਕ੍ਰੀਏਸ਼ਨ ਮੰਤਰੀ ਟੌਡ ਸਮਿੱਥ ਟਰੱਕਿੰਗ ਇੰਡਸਟਰੀ ਦੀਆਂ ਚਿੰਤਾਵਾਂ ਸੁਣਨ ਲਈ ਲੋਕਲ ਮੈਨੀਟੂਲਿਨ ਟਰਾਂਸਪੋਰਟ ਫੈਸਿਲਿਟੀ ਉੱਤੇ ਆਏ ਹੋਏ ਸਨ। ਇੱਥੇ ਹੀ ਉਨ੍ਹਾਂ ਲੇਬਰ ਦੀ ਕਮੀ ਨੂੰ ਦੂਰ ਕਰਨ ਲਈ ਪ੍ਰੋਵਿੰਸ਼ੀਅਲ ਇਮੀਗ੍ਰੇਸ਼ਨ ਪ੍ਰੋਗਰਾਮ ਤਹਿਤ ਕੀਤੀਆਂ ਗਈਆਂ ਤਬਦੀਲੀਆਂ ਦਾ ਐਲਾਨ ਵੀ ਕੀਤਾ।

ਸਮਿੱਥ ਨੇ ਆਖਿਆ ਕਿ ਅਸੀਂ ਓਨਟਾਰੀਓ ਇਮੀਗ੍ਰੈਂਟ ਨੌਮਿਨੀ ਪ੍ਰੋਗਰਾਮ ਸ਼ੁਰੂ ਕਰਨ ਜਾ ਰਹੇ ਹਾਂ। ਇਸ ਤਹਿਤ ਇਨ੍ਹਾਂ ਟਰੱਕਿੰਗ ਕੰਪਨੀਆਂ ਨੂੰ ਉਹ ਡਰਾਈਵਰ ਲੱਭਣ ਵਿੱਚ ਸੌਖ ਹੋਵੇਗੀ ਜਿਹੜੇ ਹੋਰਨਾਂ ਦੇਸ਼ਾਂ ਤੋਂ ਇੱਧਰ ਆਉਣਾ ਚਾਹੁੰਦੇ ਹਨ। ਉਨ੍ਹਾਂ ਅੱਗੇ ਆਖਿਆ ਕਿ ਅਸੀਂ ਅਜਿਹੇ ਡਰਾਈਵਰਾਂ ਨੂੰ ਪਰਮਾਨੈਂਟ ਰੈਜ਼ੀਡੈਂਸੀ ਦਿਵਾਉਣ ਵਿੱਚ ਮਦਦ ਕਰਾਂਗੇ ਤੇ ਇਸ ਨਾਲ ਸਾਡੀ ਆਪਣੀ ਕਮਿਊਨਿਟੀ ਦੀ ਲੇਬਰ ਦੀ ਕਿੱਲਤ ਵੀ ਦੂਰ ਹੋਵੇਗੀ।

...ਬਾਕੀ ਪੰਨਾ 6 'ਤੇ

## ਵਕੀਲਾਂ ਵੱਲੋਂ ਕੈਨੇਡਾ ਨੂੰ ਹੁਆਵੇਈ ਐਗਜ਼ੈਕਟਿਵ ਦੀ ਹਵਾਲਗੀ ਪ੍ਰਕਿਰਿਆ ਰੋਕਣ ਦੀ ਗੁਜ਼ਾਰਿਸ਼

ਵੈਨਕੂਵਰ, 24 ਜੂਨ (ਪੋਸਟ ਬਿਊਰੋ) : ਹੁਆਵੇਈ ਦੀ ਸੀਨੀਅਰ ਐਗਜ਼ੈਕਟਿਵ ਦੇ ਡਿਫੈਂਸ ਲਾਇਅਰਜ਼ ਵੱਲੋਂ ਕੈਨੇਡਾ ਦੀ ਵਿਦੇਸ਼ ਮੰਤਰੀ ਤੋਂ ਇਹ ਮੰਗ ਕੀਤੀ ਗਈ ਹੈ ਕਿ ਉਹ ਉਨ੍ਹਾਂ ਦੀ ਕਲਾਇੰਟ ਦੀ ਹਵਾਲਗੀ ਸਬੰਧੀ ਪ੍ਰਕਿਰਿਆ ਨੂੰ ਰੋਕ ਦੇਣ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਅਜਿਹਾ ਇਸ ਲਈ ਕਹਿ ਰਹੇ ਹਨ ਕਿਉਂਕਿ ਅਮਰੀਕਾ ਵੱਲੋਂ ਇਹ ਬੇਨਤੀ ਸਿਆਸੀ ਕਾਰਨਾਂ ਕਰਕੇ ਕੀਤੀ ਗਈ ਹੈ।



ਮੈਂਗ ਵੈਨਜ਼ੋਊ ਦੇ ਵਕੀਲਾਂ ਨੇ ਇੱਕ ਬਿਆਨ ਵਿੱਚ ਆਖਿਆ ਕਿ ਸਾਬਕਾ ਪ੍ਰਧਾਨ ਮੰਤਰੀ ਜੀਨ ਕ੍ਰੈਚੀਅਨ ਵੱਲੋਂ ਕੀਤੀਆਂ ਗਈਆਂ ਇਨ੍ਹਾਂ ਟਿੱਪਣੀਆਂ ਕਿ ਹਵਾਲਗੀ ਸਬੰਧੀ ਕਾਰਵਾਈ ਬੰਦ ਕਰਨ ਨਾਲ ਕੈਨੇਡਾ ਦੇ ਚੀਨ ਨਾਲ ਸਬੰਧ ਸੁਧਰ ਸਕਦੇ ਹਨ ਤੇ ਚੀਨ ਵਿੱਚ ਨਜ਼ਰਬੰਦ ਦੋ ਕੈਨੇਡੀਅਨਾਂ ਦੀ ਰਿਹਾਈ ਹੋ ਸਕਦੀ ਹੈ, ਤੋਂ ਬਾਅਦ ਹੀ ਉਨ੍ਹਾਂ ਵੱਲੋਂ ਲਿਖਤੀ ਤੌਰ ਉੱਤੇ ਇਹ ਬੇਨਤੀ ਕ੍ਰਿਸਟੀਆ ਫਰੀਲੈਂਡ ਕੋਲ ਕੀਤੀ ਜਾ ਰਹੀ ਹੈ।

ਅਣਜਾਣ ਸੂਤਰਾਂ ਦੇ ਆਧਾਰ ਉੱਤੇ ਗਲੋਬ ਐਂਡ ਮੇਲ ਵਿੱਚ ਇਹ ਰਿਪੋਰਟ ਛਪੀ ਹੈ ਕਿ ਫਰੀਲੈਂਡ ਕ੍ਰੈਚੀਅਨ ਦੇ ਨਜ਼ਰੀਏ ਨਾਲ ਇਤਫਾਕ ਨਹੀਂ ਰੱਖਦੀ। ਉਨ੍ਹਾਂ ਦਾ ਮੰਨਣਾ ਹੈ ਕਿ ਇੱਕ ਮਾਮਲੇ ਵਿੱਚ ਹੀ ਐਨੇ ਬਾਹਰੀ ਦਬਾਅ ਨੂੰ ਤਵੱਜੋ ਦੇਣਾ ਖਤਰਨਾਕ ਸਿੱਧ ਹੋ ਸਕਦਾ ਹੈ ਤੇ ਇਸ ਨਾਲ ਦੁਨੀਆ ਭਰ ਵਿੱਚ ਰਹਿ ਰਹੇ ਕੈਨੇਡੀਅਨ ਘੱਟ ਸੁਰੱਖਿਅਤ ਹੋ ਜਾਣਗੇ।

...ਬਾਕੀ ਪੰਨਾ 6 'ਤੇ

Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

ALLKIND INSURANCE
NOW HIRING !!!
SUPER VISA INSURANCE
VISITOR INSURANCE
• LIFE INSURANCE • MORTGAGE INSURANCE
• CRITICAL ILLNESS INS • DISABILITY INSURANCE
• TRAVEL INS • FUNERAL INSURANCE
• RESP & TFSA & RRSP
SIMRAN SAINI 416.994.7272
www.allkindinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
• Immigration
• Real Estate / Commercial Law
• Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

INSURANCE
Home | Auto
Business | Trucking
Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਿਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Centre Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic.12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏੜੀਆਂ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗ੍ਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮਾ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
905-362-0755

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INTERMODAL DIVISION OF EVCRO INC
WANTED!
OWNER OPERATORS
Qualifications:
Minimum 2 years experience,
Minimum 21 years of age
with a clean abstract & CVOR.
• Payment Weekly
• Direct Deposit
• Safety Bonus Program
• Fuel surcharge paid
• Container division paid per mile (additional paid on train units).
New rates!!!!
Call Matt, or Wayne at 1-800-265-8526

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

JEYA TRANSPORT LTD.

LOOKING FOR LONG/SHORT HAULS

A/Z DRIVERS FOR USA/LOCAL CANADA/TORONTO-MONTREAL

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ

- Looking For dedicated A/Z Drivers For USA/Local Canada/ Toronto - Montreal
- Every Pick up and Drop off is in the same place
- Good Job, Per Mile 0.55 Cents and Up
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.

416-832-7131 / 905-564-8851

202-2386 Haines Rd., Mississauga, ON

www.jeyatransport.com
Email: ramesh@jeyatransport.com



TCMPLUS

10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

WE TREAT:

- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder

1st Month Discount

FREE CONSULTATION: 905-415-6999

30 Wertheim court, Unit 11, Richmond Hill



APEX CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com


Laddi





SASH FLEET HOLDING LTD Established since 2007

NOW HIRING!!!
AZ DRIVERS FOR US

- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment

HIRING!!! Operations Manager

- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

Send all resume to recuit@sashts.com



Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr™
AUTHORIZED DEALER

379 Main St. North, Brampton, ON
2456 Lake shore Blvd W., Etobicoke, ON
905-451-0379

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਰਲ ਕੇ ਰੋਏ ਕਸ਼ਮੀਰੀ ਇੰਗਲੈਂਡ ਅੰਦਰ,
ਆ ਗਏ ਪਾਕਿ ਤੋਂ ਅਸੀਂ ਹਾਂ ਤੰਗ ਮੀਆਂ।
ਵਰ੍ਹਿਆਂ ਬਾਅਦ ਹੈ ਭਾਰਤ ਦੇ ਨਾਲ ਹੁੰਦੀ,
ਚੱਲਦੀ ਸਾਡੇ ਲਈ ਸਦਾ ਈ ਜੰਗ ਮੀਆਂ।
ਸਾਡਾ ਲੁੱਟ ਲਿਆ ਸਾਰਾ ਕੁਝ ਪਾਕੀਆਂ ਨੇ,
ਕਰਿਆ ਪਿਆ ਕਸ਼ਮੀਰ ਸਭ ਨੰਗ ਮੀਆਂ।
ਜੇ ਕੋਈ ਕਰੇ ਮੁਜ਼ਾਹਰਾ ਜਾਂ ਲਾਏ ਧਰਨਾ,
ਪਾਕਿ ਦੀ ਫੌਜ ਦੇਂਦੀ ਉਲਟੇ ਟੰਗ ਮੀਆਂ।
ਭਾਰਤ ਵੰਨੀਂ ਚੁਆਤੀਆਂ ਲਾਉਣ ਮਗਰੋਂ,
ਮੰਗਦਾ ਪਾਕਿ ਤਾਂ ਸਦਾ ਕਸ਼ਮੀਰ ਮੀਆਂ।
ਪਾਕਿ ਅੰਦਰ ਕੀ ਹਾਲ ਕਸ਼ਮੀਰੀਆਂ ਦਾ,
ਜਾ ਕੇ ਵੇਖੋ ਜੀ ਅਸਲ ਤਸਵੀਰ ਮੀਆਂ।

ਤੀਸ ਮਾਰ ਖਾਂ

# ਕੈਨਸਿੱਖ ਕਲਚਰਲ ਸੈਂਟਰ ਵਲੋਂ 35ਵਾਂ ਸਲਾਨਾ ਟੂਰਨਾਮੈਂਟ 13-14 ਜੁਲਾਈ ਨੂੰ

## ਬਾਬਿਆਂ ਦਾ ਮੇਲਾ ਤੇ ਬਜ਼ੁਰਗਾਂ ਦੀ ਕਬੱਡੀ ਹੋਵੇਗੀ ਖਿੱਚ ਦਾ ਕੇਂਦਰ

ਬਰੈਪਟਨ, 24 ਜੂਨ (ਪੋਸਟ ਬਿਊਰੋ)- ਕੈਨਸਿੱਖ ਕਲਚਰਲ ਸੈਂਟਰ ਵਲੋਂ ਆਪਣਾ 35ਵਾਂ ਸਲਾਨਾ ਟੂਰਨਾਮੈਂਟ ਹਰ ਸਾਲ ਦੀ ਤਰ੍ਹਾਂ ਮਾਲਟਨ ਦੇ ਵਾਈਲਡ ਵੁਡ ਪਾਰਕ, ਜਿਸ ਨੂੰ ਹੁਣ ਪਾਲ ਕਾਫੀ ਦਾ ਵੀ ਨਾ ਦਿੱਤਾ ਗਿਆ ਹੈ, ਵਿਖੇ ਹੋ ਰਿਹਾ ਹੈ। ਦੋ ਰੋਜ਼ਾ ਇਸ ਟੂਰਨਾਮੈਟ ਵਿਚ ਸਾਕਰ, ਵਾਲੀਬਾਲ, ਰੱਸਾ ਕਸੀ, ਭਾਰ ਚੁੱਕਣ ਦੇ ਮੁਕਾਬਲੇ ਅਥਲੈਟਿਕਸ, ਬਾਸਕਿਟਬਾਲ ਦੇ ਮੈਚ ਕਰਵਾਏ ਜਾਣਗੇ। ਇਸੇ ਤਰ੍ਹਾਂ ਸ਼ਨਿਚਰਵਾਰ ਨੂੰ ਤਾਸ਼ ਦੀ ਸਵੀਪ ਦੇ ਮੁਕਾਬਲੇ ਵੀ ਕਰਵਾਏ ਜਾਣਗੇ। ਐਤਵਾਰ ਨੂੰ ਬਜ਼ੁਰਗਾਂ ਲਈ ਇਕ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ। ਇਸ ਵਿਚ ਵੱਖ ਵੱਖ ਉਮਰ ਦੇ ਬਜ਼ੁਰਗਾਂ ਨੂੰ ਸਟੇਜ ਤੋਂ ਆਪਣੀ ਕਲਾ ਦੀ ਪ੍ਰਦਰਸ਼ਨੀ ਕਰਨ ਦਾ ਮੌਕਾ ਵੀ ਦਿੱਤਾ ਜਾਵੇਗਾ। ਇਕ ਬਾਬਾ ਆਫ ਦਾ ਈਅਰ ਅਵਾਰਡ ਅਤੇ ਇਕ ਸੀਨੀਅਰ ਕਲੱਬ ਆਫ ਦਾ ਈਅਰ ਅਵਾਰਡ ਤੇ ਇਸ ਤੋਂ ਇਲਾਵਾ ਹੋਰ ਵੱਖ-ਵੱਖ ਸ਼੍ਰੇਣੀਆਂ ਦੇ ਅਵਾਰਡ ਵੀ ਬਜ਼ੁਰਗਾਂ ਨੂੰ ਦਿੱਤੇ ਜਾਣਗੇ। 60 ਸਾਲ ਤੋਂ ਉਤੇ ਦੀ ਉਮਰ ਦੇ ਲੋਕ ਕਵਿਤਾ, ਕਿੱਸਾ, ਕਹਾਵਤਾਂ, ਚੁਟਕਲੇ ਆਦਿ ਦੇ ਮੁਕਾਬ-ਲਆ ਵਿਚ ਭਾਗ ਲੈ ਸਕਣਗੇ। ਇਸੇ ਤਰ੍ਹਾਂ ਸਭ ਤੋਂ ਹੁਨਰਮੰਦ ਬਾਬੇ ਦਾ ਵੀ ਸਨਮਾਨ ਕੀਤਾ ਜਾਵੇਗਾ। ਜਿਥੇ ਵਧੀਆ ਪੰਜਾਬੀ ਪਹਿਰਾਵੇ ਲਈ ਬਾਬਿਆਂ ਦੇ ਮੁਕਾਬਲੇ ਹੋਣਗੇ, ਉਥੇ ਵਧੀਆ ਵੈਸਟਰਨ ਡ੍ਰੈਸ ਵਿਚ ਆਏ ਬਾਬੇ ਨੂੰ ਵੀ ਚੁਣਿਆ ਜਾਵੇਗਾ। ਇਸ ਸਬੰਧੀ ਸੀਨੀਅਰ ਕਲੱਬਾਂ ਭਾਗ ਲੈਣ ਲਈ ਆਪਣੇ ਤੌਰ ਉਪਰ ਅਤੇ ਵਿਅਕਤੀਗਤ ਰੂਪ ਵਿਚ ਭਾਗ ਲੈਣ ਲਈ ਬਜ਼ੁਰਗ ਆਪਣਾ ਨਾਮ ਕੈਨਸਿੱਖ ਕਲਚਰਲ ਸੈਂਟਰ ਕੋਲ ਦਰਜ ਕਰਵਾ ਸਕਦੇ ਹਨ। ਆਏ ਲੋਕਾਂ ਲਈ ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਡੇਸ਼ਨ, ਵਾਵਾ ਟਰਾਂਸਪੋਰਟ ਤੇ ਹੋਰ ਗਰੁੱਪਾਂ ਵਲੋਂ ਰੋਟੀ ਪਾਣੀ ਦਾ ਬੰਦੋਬਸਤ ਕੀਤਾ ਜਾਵੇਗਾ। ਇਸ ਟੂਰਨਾਮੈਂਟ ਵਿਚ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਦੋ ਕਬੱਡੀ ਦੇ ਸ਼ੋਅ ਮੈਚ ਹੋਣ ਇਕ 50 ਤੋਂ ਲੈ ਕੇ 60 ਸਾਲ ਦੀ ਉਮਰ ਦੇ ਲੋਕਾਂ ਦਾ ਤੇ ਇਕ 60 ਸਾਲ ਤੋਂ ਉਪਰ ਦੀ ਉਮਰ ਦੇ ਬਜ਼ੁਰਗਾਂ ਦਾ। ਕਬੱਡੀ ਬਾਰੇ ਹੋਰ ਜਾਣਕਾਰੀ ਲੈਣ ਲਈ ਤੋਚੀ ਸੰਘਾ ਨਾਲ 416-454-3031 ਅਤੇ ਜਾਂ ਫੇਰ ਸ਼ੇਰਦਲਜੀਤ ਸਿੰਘ ਢਿੱਲੋਂ ਨਾਲ 416-716-2568 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕਾਮਾਗਾਟਾਮਾਰੂ ਪਾਰਕ ਦਾ ਕੀਤਾ ਗਿਆ ਰਸਮੀ ਉਦਘਾਟਨ



ਬਰੈਂਪਟਨ, 24 ਜੂਨ (ਪੋਸਟ ਬਿਊਰੋ) : ਕਾਮਾਗਾਟਾਮਾਰੂ ਘਟਨਾ ਦੀ ਯਾਦ ਵਿੱਚ ਬਰੈਂਪਟਨ ਦੀ 10705 ਬ੍ਰਾਮੇਲੀਆ ਰੋਡ ਉੱਤੇ ਬਣਾਏ ਗਏ ਕਾਮਾਗਾਟਾਮਾਰੂ ਪਾਰਕ ਦੇ 22 ਜੂਨ ਨੂੰ ਰਸਮੀ ਤੌਰ ਉੱਤੇ ਕੀਤੇ ਗਏ ਉਦਘਾਟਨ ਵਿੱਚ ਸਮੁੱਚੀ ਕਮਿਊਨਿਟੀ ਨੇ ਹਿੱਸਾ ਲਿਆ। ਬ੍ਰਿਟਿਸ਼ ਕੋਲੰਬੀਆ ਤੋਂ ਬਾਹਰ ਇਸ ਘਟਨਾ ਨਾਲ ਸਬੰਧਤ ਬਣਾਈ ਗਈ ਇਹ ਪਹਿਲੀ ਯਾਦਗਾਰ ਹੈ। ਇਸ ਮੌਕੇ ਬਰੈਂਪਟਨ ਵਾਸੀ, ਅਹਿਮ ਹਸਤੀਆਂ ਤੇ ਡਿਸੈਂਡੈਂਟਸ ਆਫ ਦ ਸਰਵਾਈਵਰਜ਼ ਆਫ ਦ ਸ਼ਿੱਪ ਹਾਜ਼ਰ ਹੋਏ। ਇਸ ਦੌਰਾਨ ਮੇਅਰ ਪੈਟ੍ਰਿਕ ਬ੍ਰਾਊਨ, ਕਾਊਂਸਲਰਜ਼ ਪਾਲ ਵਿਸੈਂਟੇ, ਗੁਰਪ੍ਰੀਤ ਢਿੱਲੋਂ, ਹਰਕੀਰਤ ਸਿੰਘ, ਕਲਚਰਲ ਐਜੂਕੇਟਰ ਐਜ਼ ਕਵਾਂਦੀਬੇਨਜ਼ ਨੇ ਆਪਣੇ ਵਿਚਾਰ ਪ੍ਰਗਟਾਏ। ਡਿਸੈਂਡੈਂਟਸ ਆਫ ਕਾਮਾਗਾਟਾਮਾਰੂ ਸੁਸਾਇਟੀ ਦੇ ਵਾਈਸ ਪ੍ਰੈਜ਼ੀਡੈਂਟ ਰਾਜ ਤੂਰ ਨੇ ਮੇਅਰ ਤੇ ਕਾਊਂਸਲਰਜ਼ ਤੋਂ ਇਲਾਵਾ ਡਿਸੈਂਡੈਂਟਸ ਨਾਲ ਰਲ ਕੇ ਰਸਮੀ ਤੌਰ ਉੱਤੇ ਰਿੱਬਨ ਕੱਟਣ ਤੇ ਸੰਕੇਤਾਤਮਕ ਤੌਰ ਉੱਤੇ ਰੁੱਖ ਲਾਉਣ ਦੀ ਰਸਮ ਨਿਭਾਈ।
ਕਾਮਾਗਾਟਾਮਾਰੂ ਪਾਰਕ ਉਨ੍ਹਾਂ ਸਾਰੇ ਲੋਕਾਂ ਨੂੰ ਸ਼ਰਧਾਂਜਲੀ ਹੈ ਜਿਹੜੇ ਐਸਐਸ ਕਾਮਾਗਾਟਾਮਾਰੂ ਬੇੜੇ ਉੱਤੇ ਸਵਾਰ ਸਨ ਤੇ ਇਹ ਸਾਰੇ ਇਮੀਗ੍ਰੈਂਟਸ ਦੇ ਸੰਘਰਸ਼, ਜਿੱਤ ਤੇ ਕੈਨੇਡਾ ਦੀ ਵੰਨ-ਸੁਵੰਨਤਾ ਵਿੱਚ ਪਾਏ ਯੋਗਦਾਨ ਦਾ ਪ੍ਰਤੀਕ ਹੈ। ਇਹ ਬੇੜਾ ਮਈ 1914 ਵਿੱਚ ਹਾਂਗਕਾਂਗ ਤੋਂ ਰਵਾਨਾ ਹੋਇਆ ਤੇ ਇਸ ਵਿੱਚ ਭਾਰਤ ਦੇ ਪੰਜਾਬ ਰੀਜਨ ਦੇ ਇਮੀਗ੍ਰੈਂਟਸ ਸਵਾਰ ਸਨ ਜਿਨ੍ਹਾਂ ਨੂੰ ਕੈਨੇਡਾ ਲਿਜਾਇਆ ਜਾ ਰਿਹਾ ਸੀ। ਫਿਰ ਵੈਨਕੂਵਰ ਬੰਦਰਗਾਹ ਉੱਤੇ ਇਸ ਬੇੜੇ ਨੂੰ ਕੈਨੇਡੀਅਨ ਅਧਿਕਾਰੀਆਂ ਵੱਲੋਂ ਰੋਕਿਆ ਗਿਆ ਤੇ ਕੈਨੇਡਾ ਦੇ "ਕੌਂਟੀਨਿਊਅਸ ਪੈਸੇਜ ਰੈਗੂਲੇਸ਼ਨ" ਕਾਰਨ ਇਨ੍ਹਾਂ ਨੂੰ ਕੈਨੇਡਾ ਵਿੱਚ ਦਾਖਲ ਨਹੀਂ ਹੋਣ ਦਿੱਤਾ ਗਿਆ। ਇਸ ਰੈਗੂਲੇਸ਼ਨ ਨੂੰ ਕੈਨੇਡਾ ਵਿੱਚ ਭਾਰਤੀ ਇਮੀਗ੍ਰੇਸ਼ਨ ਰੋਕਣ ਲਈ 1908 ਵਿੱਚ ਲਿਆਂਦਾ ਗਿਆ ਸੀ।
ਕਾਮਾਗਾਟਾਮਾਰੂ ਪਾਰਕ ਦਾ ਪਲੇਅਗ੍ਰਾਊਂਡ ਪਾਰਕ ਵਿੱਚ ਲਾਇਬ੍ਰੇਰੀ ਦੇ ਆਈਡੀਆ ਉੱਤੇ ਤਿਆਰ ਕੀਤਾ ਗਿਆ ਹੈ। ਇੱਥੇ ਬਣਾਈਆਂ ਗਈਆਂ ਸਲਾਈਡਜ਼, ਕਲਾਈਂਬਰਜ਼ ਤੇ ਪਾਰਕ ਇਕੁਇਪਮੈਂਟ ਦਾ ਆਕਾਰ "ਇਮੈਜਿਨ" ਸ਼ਬਦ ਵਰਗਾ ਹੈ। "ਜੀ" ਬੈਠਣ ਵਾਲਾ ਇਲਾਕਾ ਹੈ, ਵੱਡੇ ਕਲਾਈਂਬਰਜ "ਐਨ" ਆਕਾਰ ਦੇ ਹਨ ਤੇ ਸਪਲੈਸ਼ ਪੈਡ "ਐਮ" ਆਕਾਰ ਦਾ ਹੈ। ਇਸ ਪਾਰਕ ਵਿੱਚ ਪਲੇਅਗ੍ਰਾਊਂਡ, ਸਪਲੈਸ਼ ਪੈਡ ਤੇ ਪਿਕਨਿਕ ਏਰੀਆ ਹੈ। ਇਹ ਪਾਰਕ ਸਪਰਿੰਗਡੇਲ ਲਾਇਬ੍ਰੇਰੀਬਓ ਦੇ ਨਾਲ ਸਥਿਤ ਹੈ।

# ਮਨਦੀਪ ਸਿੰਘ ਚੀਮਾ ਦੀ ਯਾਦ ਵਿਚ ਬਰੈਂਪਟਨ 'ਚ ਹੋਵੇਗੀ ਰਾਜਾ ਸਟਰੀਟ




ਬਰੈਂਪਟਨ, 24 ਜੂਨ (ਪੋਸਟ ਬਿਊਰੋ)- ਬੀਤੇ ਵੀਕੈਂਡ ਉਤੇ ਸਾਲ 2012 ਵਿਚ ਮੋਟਰਸਾਈਕਲ ਸਵਾਰ ਮਨਦੀਪ ਸਿੰਘ ਚੀਮਾ ਦਾ ਸੜਕ ਹਾਦਸੇ ਵਿਚ ਦੇਹਾਂਤ ਹੋ ਗਿਆ ਸੀ। ਮਨਦੀਪ ਸਿੰਘ ਚੀਮਾ, ਜਿਸ ਦਾ ਨਿਕ ਨੇਮ ਰਾਜਾ ਸੀ, ਦੀ ਯਾਦ ਵਿਚ ਚੀਮਾ ਪਰਿਵਾਰ ਵਲੋਂ ਹਰੇਕ ਸਾਲ ਇਕ ਮੋਟਰਸਾਈਕਲ ਰਾਈਡ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਵਾਰ ਇਸ ਮੋਟਰਸਾਈਕਲ ਰਾਈਡ ਵਿਚ 100 ਦੇ ਕਰੀਬ ਮੋਟਰਸਾਈਕਲ ਸਵਾਰਾਂ ਨੇ ਹਿੱਸਾ ਲਿਆ। ਜਿਥੇ ਪ੍ਰੀਮੀਅਰ ਡੱਗ ਫੋਰਡ ਰਾਈਡ ਫਾਰ ਰਾਜਾ ਨਾਮ ਦੀ ਇਸ ਰੈਲੀ ਨੂੰ ਹਰੀ ਝੰਡੀ ਦੇਣ ਲਈ ਪਹੁੰਚੇ। ਉਥੇ ਬਾਅਦ ਦੁਪਹਿਰ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੇ ਆਪਣੀ ਹਾਜ਼ਰੀ ਦੌਰਾਨ ਇਕ ਵੱਡਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਬਰੈਂਪਟਨ ਵਿਚ ਮਨਜ਼ੂਰ ਕੀਤੀ ਜਾਣ ਵਾਲੀ ਨਵੀ ਸਬ ਡਿਵੀਜਨ ਦੀ ਇਕ ਸਟਰੀਟ ਦਾ ਨਾਮ ਰਾਜਾ ਸਟਰੀਟ ਹੋਵੇਗਾ। ਇਸ ਤਰ੍ਹਾਂ ਪੰਜਾਬੀ ਭਾਈਚਾਰੇ ਵਿਚੋਂ ਮਨਦੀਪ ਸਿੰਘ ਚੀਮਾ ਉਰਫ ਰਾਜਾ ਪਹਿਲੇ ਅਜਿਹੇ ਸ਼ਖਸ ਬਣ ਗਏ ਹਨ, ਜਿਨ੍ਹਾਂ ਦੀ ਯਾਦ ਵਿਚ ਕਿਸੇ ਇਕ ਸਟਰੀਟ ਨੂੰ ਉਸ ਦਾ ਨਾਮ ਦਿੱਤਾ ਗਿਆ ਹੈ। ਰਾਜਾ ਦੇ ਪਿਤਾ ਸ: ਭੁਪਿੰਦਰ ਸਿੰਘ ਚੀਮਾ, ਉਨ੍ਹਾਂ ਦੀ ਮਾਤਾ ਤੇ ਉਨ੍ਹਾਂ ਦੀ ਭੈਣ ਮੀਕਾ ਚੀਮਾ ਗਿੱਲ ਤੇ ਪੂਰੇ ਪਰਿਵਾਰ ਨੇ ਮੇਅਰ ਪੈਟ੍ਰਿਕ ਬ੍ਰਾਊਨ ਦਾ ਤੇ ਬਰੈਂਪਟਨ ਦੀ ਸਿਟੀ ਕੌਂਸਲ ਦਾ ਵਿਸ਼ੇਸ਼ ਤੌਰ ਉਤੇ ਧੰਨਵਾਦ ਕੀਤਾ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
100% Natural Cure & No Side Effect
• ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਹੋਣਾ
• Uric Acid ਤੋਂ ਛੁਟਕਾਰਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਕਬਜ ਅਤੇ ਬਵਾਸੀਰ
ਗੱਠੀਆ ਜਿਵੇਂ ਹੱਥਾਂ, ਪੈਰਾਂ ਅਤੇ ਜੋੜਾਂ ਦੀ ਸੋਜ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ShergGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਸਕਾਰਬੌਰੋ ਫੈਕਟਰੀ ਵਿੱਚ ਲੱਗੀ ਅੱਗ ਉੱਤੇ ਫਾਇਰਫਾਈਟਰਜ਼ ਨੇ ਮੁਸ਼ਕਿਲ ਨਾਲ ਪਾਇਆ ਕਾਬੂ



ਟੋਰਾਂਟੋ, 24 ਜੂਨ (ਪੋਸਟ ਬਿਊਰੋ) : ਸਕਾਰਬੌਰੋ ਦੇ ਇੱਕ ਪੈਕੇਜਿੰਗ ਪਲਾਂਟ ਵਿੱਚ ਲੱਗੀ ਅੱਗ ਨੂੰ ਬੁਝਾਉਣ ਲਈ ਟੋਰਾਂਟੋ ਫਾਇਰਫਾਈਟਰਜ਼ ਨੂੰ ਪਲਾਂਟ ਦੀ ਛੱਤ ਨੂੰ ਉਪਰੋਂ ਕੱਟਣਾ ਪਿਆ।

ਐਮਰਜੰਸੀ ਅਮਲੇ ਨੂੰ ਸਕਾਰਬੌਰੋ ਵਿੱਚ ਪ੍ਰੋਗਰੈੱਸ ਐਵਨਿਊ ਉੱਤੇ ਸਥਿਤ ਐਟਲਾਂਟਿਕ ਪੈਕੇਜਿੰਗ ਪਲਾਂਟ ਉੱਤੇ 5:06 ਵਜੇ ਸੱਦਿਆ ਗਿਆ। ਫੋਨ ਕਰਨ ਵਾਲਿਆਂ ਨੇ ਪਲਾਂਟ ਦੀਆਂ ਚਿਮਨੀਆਂ ਤੇ ਵੈਂਟਸ ਤੋਂ ਧੂੰਆਂ ਨਿਕਲਦਾ ਵੇਖਿਆ। ਅੱਗ ਉੱਤੇ ਕਾਬੂ ਪਾਉਣ ਲਈ ਫਾਇਰ ਫਾਈਟਰਜ਼ ਨੂੰ ਇਮਾਰਤ ਦੀ ਛੱਤ ਉੱਪਰੋਂ ਕੱਟਣੀ ਪਈ। ਕਿਸੇ ਦੇ ਵੀ ਇਸ ਘਟਨਾ ਵਿੱਚ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ।

ਬਾਅਦ ਵਿੱਚ ਅਧਿਕਾਰੀਆਂ ਨੇ ਦੱਸਿਆ ਕਿ ਅੱਗ ਉੱਤੇ ਕਾਬੂ ਪਾਉਣ ਲਈ ਨਾਲ ਲੱਗਦੇ ਇਲਾਕਿਆਂ ਤੋਂ ਵੀ ਫਾਇਰਫਾਈਟਰਜ਼ ਨੂੰ ਸੱਦਣਾ ਪਿਆ। ਸ਼ਹਿਰ ਦੇ ਦੂਰ ਦਰਾਜ ਦੇ ਇਲਾਕਿਆਂ ਤੋਂ ਵੀ ਫਾਇਰਫਾਈਟਰਜ਼ ਅੱਗ ਉੱਤੇ ਕਾਬੂ ਪਾਉਣ ਲਈ ਮਦਦ ਕਰਨ ਵਾਸਤੇ ਮੌਕੇ ਉੱਤੇ ਪਹੁੰਚੇ।

# ਖਾਲਿਸਤਾਨੀ ਲਹਿਰ ਦੇ ਲਗਾਤਾਰ ਸਮਰਥਕ ਲਈ ਕੈਪਟਨ ਵੱਲੋਂ ਕੈਨੇਡਾ ਦੀ ਆਲੋਚਨਾ

ਚੰਡੀਗੜ੍ਹ, 24 ਜੂਨ, (ਪੋਸਟ ਬਿਊਰੋ)- ਖਾਲਿਸਤਾਨੀ ਲਹਿਰ ਦਾ ਸਿੱਧਾ ਅਤੇ ਅਸਿੱਧਾ ਸਮੱਰਥਨ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਸਰਕਾਰ ਦੀ ਤਿੱਖੀ ਆਲੋਚਨਾ ਕੀਤੀ ਅਤੇ ਉਸਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਹੈ ਕਿ ਜੇ ਕੈਨੇਡਾ ਆਪਣੇ ਦੇਸ਼ ਤੋਂ ਚਲਾਈਆਂ ਜਾਂਦੀਆਂ ਭਾਰਤ ਵਿਰੋਧੀ ਸਰਗਰਮੀਆਂ ਨੂੰ ਰੋਕਣ ਤੋਂ ਅਸਫ਼ਲ ਰਿਹਾ ਤਾਂ ਇਹ ਲੰਮੇ ਸਮੇਂ ਵਿੱਚ ਉਸ ਦੀ ਆਪਣੀ ਸੁਰੱਖਿਆ ਅਤੇ ਹਿੱਤਾਂ ਦਾ ਵੀ ਨੁਕਸਾਨ ਕਰੇਗਾ।

ਸਾਲ 1985 ਵਿੱਚ ਏਅਰ ਇੰਡੀਆ ਦੇ ਹਵਾਈ ਜਹਾਜ਼ ਕਨਿਸ਼ਕ ਵਿੱਚ ਬੰਬ ਧਮਾਕੇ ਦੀ ਜਾਂਚ ਬਾਰੇ ਜੌਹਨ ਮੇਜਰ ਕਮਿਸ਼ਨ ਦੀ ਰਿਪੋਰਟ ਉੱਤੇ ਟਿਪਣੀ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਕਿਹਾ ਕਿ ਆਪਣੇ ਦੇਸ਼ਤੋਂ ਚੱਲਦੀ ਖਾਲਿਸਤਾਨੀ ਸਰਗਰਮੀ ਵਿਰੁੱਧ ਕਾਰਵਾਈ ਤੋਂਕੈਨੇਡਾ ਅਸਫ਼ਲ ਰਿਹਾ ਹੈ ਤੇ ਇਸ ਨੇ ਸਾਜਿਸ਼ ਕਰਤਿਆਂ ਨੂੰ 'ਸਮੂਹਿਕ ਕਤਲਾਂ' ਦੀ ਆਗਿਆ ਦਿੱਤੀ ਹੈ। ਇਸ ਬਾਰੇ ਕੈਨੇਡਾ ਸਰਕਾਰ ਪੂਰੀ ਤਰ੍ਹਾਂ ਬੇਪਰਦ ਹੋਈ ਤੇ ਸਾਫ ਹੋ ਗਿਆ ਹੈ ਕਿ ਭਾਰਤ ਦੇ ਵਿਰੋਧ ਦੇ ਬਾਵਜੂਦ ਕੈਨੇਡਾ ਖਾਲਿਸਤਾਨੀਆਂ ਨੂੰ ਸਮਰਥਨ ਦਿੰਦਾ ਹੈ।

ਵਰਨਣ ਯੋਗ ਹੈ ਕਿ ਇਸ ਜਾਂਚ ਕਮਿਸ਼ਨ ਨੇ ਅਪਣੀ ਰਿਪੋਰਟ ਵਿਚ ਖੋਜੀ, ਖੁਫ਼ੀਆ ਅਤੇ ਕੇਸ ਚਲਾਉਣ ਦੀਆਂ ਏਜੰਸੀਆਂ ਬਾਰੇ ਕਿਹਾ ਹੈ ਕਿ ਬੰਬ ਧਮਾਕੇ ਤੋਂ ਕਾਫ਼ੀ ਪਹਿਲਾਂ ਮੁੱਖ ਸਾਜ਼ਿਸ ਕਰਤਿਆਂ ਉੱਤੇ ਨਜ਼ਰ ਰੱਖੀ ਗਈ, ਉਨ੍ਹਾਂ ਦੀ ਗੱਲਬਾਤ ਰਿਕਾਰਡ ਹੋਣ ਦੇ ਬਾਵਜੂਦ ਉਨ੍ਹਾਂ ਵਲੋਂਧਮਾਕਾ ਖੇਜ਼ ਪਦਾਰਥ ਹਾਸਲ ਕਰਨ,ਧਮਾਕੇ ਦਾ ਤਜਰਬਾ ਕਰਨ ਅਤੇ ਉਨ੍ਹਾਂ ਵਲੋਂਵਿਸ਼ੇਸ਼ ਉਡਾਣ ਵਿਚ ਬੰਬ ਰੱਖਣ ਦੀ ਸੋਚਬਾਰੇ ਵਾਰ-ਵਾਰ ਚਿਤਾਵਨੀ ਹੁੰਦਿਆਂ ਵੀਕੈਨੇਡੀਅਨ ਏਜੰਸੀਆਂ ਹਰ ਪੜਾਅ ਉੱਤੇ ਕਾਰਵਾਈ ਕਰਨ ਤੋਂ ਅਸਫ਼ਲ ਰਹੀਆਂ ਸਨ। ਇਸ ਨੂੰ ਸਿਰਫ਼ ਇਕ ਗਲਤੀ ਨਹੀਂਮੰਨਿਆ ਜਾ ਸਕਦਾ, ਸਗੋਂ ਇਹ ਕੋਈ ਗਠਜੋੜ ਨਹੀਂ ਤਾਂ ਜਾਣਬੁੱਝ ਕੇ ਕੀਤੀ ਲਾਪਰਵਾਹੀ ਦਾ ਧੱਬਾ ਜ਼ਰੂਰ ਹੈ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕੈਨੇਡਾ ਸਰਕਾਰ ਨਾਲ ਖੁਦ ਇਹ ਮੁੱਦਾ ਉਠਾਉਣ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਪਿਛਲੇ ਸਾਲ ਦੇ ਭਾਰਤ ਦੌਰੇ ਵੇਲੇ ਉਨ੍ਹਾਂ ਨੂੰ ਲੋੜੀਂਦੇ ਬੰਦਿਆਂ ਦੀ ਸੂਚੀ ਦਿਤੀ ਗਈ ਸੀ, ਪਰ ਉਨ੍ਹਾਂ ਦੀ ਸਰਕਾਰ ਦਾ ਹੁੰਗਾਰਾ ਢਿੱਲਾ ਰਹਿਣ ਨਾਲ ਉਨ੍ਹਾਂ ਦੀ ਮਨਸ਼ਾ ਜ਼ਾਹਰ ਹੋਈ ਹੈ। ਅਮਰਿੰਦਰ ਸਿੰਘ ਨੇ ਕੈਨੇਡੀਅਨ ਸਕਿਓਰਟੀ ਇੰਟੈਲੀਜੈਂਸ ਸਰਵਿਸ (ਸੀ ਐਸ ਆਈ ਐਸ) ਵਲੋਂ ਜਾਰੀ ਕੀਤੀ 2018 ਦੀ ਰਿਪੋਰਟ ਦੇ ਹਵਾਲੇ ਨਾਲ ਇਸ ਗੱਲ ਦੀ ਚਿੰਤਾ ਪ੍ਰਗਟ ਕੀਤੀ ਕਿ ਕੈਨੇਡਾ ਵਿਚ ਭਾਰਤ ਵਿਰੋਧੀ ਸਰਗਰਮੀਆਂ ਵਧੀਆਂ ਹਨ। ਇਸ ਰਿਪੋਰਟ ਵਿਚ ਲਿਖਿਆ ਗਿਆ ਹੈ ਕਿ ਇਹ ਸਰਗਰਮੀਆਂ ਸਿਰਫ ਨਿਸ਼ਾਨੇ ਉਪਰਲੇ ਦੇਸ਼ ਭਾਰਤ ਲਈ ਹੀ ਚੁਣੌਤੀ ਨਹੀਂ, ਕੈਨੇਡਾ ਦੀ ਸੁਰੱਖਿਆ ਲਈ ਵੀ ਚੁਣੌਤੀ ਹਨ।ਅਮਰਿੰਦਰ ਸਿੰਘ ਨੇ ਕਿਹਾ ਕਿ ਹਿੰਸਾ ਅਤੇ ਖਾੜਕੂਵਾਦ ਨੂੰ ਕਿਸੇ ਵੀ ਤਰ੍ਹਾਂ ਦਾ ਸਮਰਥਨ ਅਸਲ ਵਿਚ ਸਮੁੱਚੇ ਸੰਸਾਰ ਭਾਈਚਾਰੇ ਲਈ ਮਾਰੂ ਹੋਵੇਗਾ ਅਤੇ ਇਹ ਇਸ ਦਾ ਸਮਰਥਨ ਕਰਨ ਵਾਲਿਆਂ ਲਈ ਵੀ ਓਨਾ ਹੀ ਮਾਰੂ ਹੋਵੇਗਾ। ਉਨ੍ਹਾਂ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਰਿਪੋਰਟਾਂ ਨੂੰ ਗੰਭੀਰਤਾ ਨਾਲ ਲੈਣ ਅਤੇ ਕੈਨੇਡਾ ਉੱਤੇ ਸੰਸਾਰ ਪੱਧਰੀ ਦਬਾਅ ਬਣਾਉਣ ਕਿ ਉਹ ਅਪਣੀ ਧਰਤੀ ਨੂੰ ਭਾਰਤ ਵਿਰੁੱਧ ਸਰਗਰਮੀਆਂ ਲਈ ਵਰਤਣ ਦੀ ਆਗਿਆ ਨਾ ਦੇਵੇ। ਉਨ੍ਹਾਂ ਇਸ ਬਾਰੇ ਖਾਲਿਸਤਾਨੀ ਖਾੜਕੂਆਂਵਲੋਂਟਾਰਗੇਟ ਕੀਤੇ ਜਾ ਰਹੇ ਸਿੱਖ ਭਾਈਚਾਰੇ ਦਾ ਖਾਸ ਜ਼ਿਕਰ ਕਰ ਕੇ ਕਿਹਾ ਕਿ ਭਾਰਤ ਕੈਨੇਡਾ ਪ੍ਰਤੀ ਬੜਾਨਰਮ ਹੈ, ਇਸ ਨੂੰ ਉਸ ਦੇ ਵਿਰੁਧ ਸਖ਼ਤ ਕਦਮ ਚੁੱਕਣ ਦੀ ਲੋੜ ਹੈ। ਉਨ੍ਹਾਂ ਨੇ ਭਾਰਤ ਵਿਰੁਧ ਸਿਖ ਭਾਈਚਾਰੇ ਦੇ ਕੁਝ ਵਰਗਾਂ ਅਤੇ ਨੌਜਵਾਨਾਂ ਨੂੰ ਪ੍ਰਭਾਵਤ ਕਰਨ ਲਈ ਸ਼ੋਸਲ ਮੀਡੀਆ ਤੋਂ ਫੈਲਾਈ ਜਾਂਦੀ ਗਲਤ ਜਾਣਕਾਰੀ ਉੱਤੇ ਵੀ ਚਿੰਤਾ ਪ੍ਰਗਟ ਕੀਤੀ ਅਤੇ ਕਿਹਾ ਕਿ ਸੋਸ਼ਲ ਮੀਡੀਆ ਦੀ ਦੁਰਵਰਤੋਂ ਰੋਕਣ ਲਈ ਕੇਂਦਰ ਸਰਕਾਰ ਨੂੰ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ।

# ਨਾਭਾ ਜੇਲ੍ਹ ਵਿੱਚ ਬਿੱਟੂ ਕਤਲ ਕੇਸ ਦੇ ਸਾਰੇ ਪੱਖ ਘੋਖਣ ਲਈ ਐੱਸ ਆਈ ਟੀ ਬਣਾਈ ਗਈ

## * ਮਹਿੰਦਰਪਾਲ ਬਿੱਟੂ ਦਾ ਸੰਸਕਾਰ ਦੋ ਦਿਨਾਂ ਬਾਅਦ ਕੀਤਾ ਗਿਆ

ਚੰਡੀਗੜ੍ਹ, 24 ਜੂਨ, (ਪੋਸਟ ਬਿਊਰੋ)- ਬਰਗਾੜੀ ਬੇਅਦਬੀ ਮਾਮਲੇ ਦੇ ਮੁੱਖ ਦੋਸ਼ੀ ਮਹਿੰਦਰਪਾਲ ਬਿੱਟੂ ਦੀ ਨਾਭਾ ਜੇਲ ਵਿੱਚ ਹੱਤਿਆ ਦੀ ਪੜਤਾਲ ਕਰਨ ਵਾਸਤੇ ਪੰਜਾਬ ਸਰਕਾਰ ਨੇ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਬਣਾਉਣ ਦੇ ਹੁਕਮ ਜਾਰੀ ਕੀਤੇ ਹਨ। ਇਸ ਦਾ ਐਲਾਨ ਅੱਜ ਇੱਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉੱਚ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਇੱਕ ਮੀਟਿੰਗ ਦੌਰਾਨ ਖੁਦ ਕੀਤਾ ਹੈ।

ਪੰਜਾਬ ਸਰਕਾਰ ਦੇ ਬੁਲਾਰੇ ਨੇ ਅੱਜ ਏਥੇ ਦੱਸਿਆ ਕਿ ਐਡੀਸ਼ਨਲ ਡੀ ਜੀ ਪੀ ਕਾਨੂੰਨ ਵਿਵਸਥਾ ਈਸ਼ਵਰ ਸਿੰਘ ਦੀ ਅਗਵਾਈ ਵਿੱਚ ਬਣਾਈ ਇਹ ਐੱਸ ਆਈ ਟੀ ਪਿਛਲੇ ਸਾਲ ਗ੍ਰਿਫਤਾਰ ਕੀਤੇ ਡੇਰਾ ਸੱਚਾ ਸੌਦਾ ਸਿਰਸਾ ਦੇ ਪੈਰੋਕਾਰ ਮਹਿੰਦਰਪਾਲ ਬਿੱਟੂ ਦੇ ਕਤਲ ਦੇ ਸਾਰੇ ਪੱਖ ਵੇਖੇਗੀ। ਕੈਦੀਆਂ ਵੱਲੋਂ ਬਿੱਟੂ ਦੇ ਕਤਲ ਪਿਛੇ ਕੋਈ ਸਾਜਿਸ਼ ਹੋਈ ਤਾਂਐੱਸ ਆਈ ਟੀ ਉਸ ਦਾ ਵੀ ਪਤਾ ਲਾਵੇਗੀ। ਇਸ ਐੱਸ ਆਈ ਟੀ ਦੇ ਮੈਂਬਰਾਂ ਵਿੱਚ ਅਮਰਦੀਪ ਰਾਏ ਆਈ ਜੀ ਪਟਿਆਲਾ, ਹਰਦਿਆਲ ਸਿੰਘ ਮਾਨ ਡੀ ਆਈ ਜੀ ਇੰਟੈਲੀਜੈਂਸ, ਮਨਦੀਪ ਸਿੰਘ ਐਸ ਐਸ ਪੀ ਪਟਿਆਲਾ ਅਤੇ ਕਸ਼ਮੀਰ ਸਿੰਘ ਏ ਆਈ ਜੀ ਕਾਊਂਟਰ ਇੰਟੈਲੀਜੈਂਸ ਸ਼ਾਮਲ ਕੀਤੇ ਗਏ ਹਨ। ਇਸ ਵਾਰਦਾਤ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਮੁੱਖ ਮੰਤਰੀ ਨੇ ਭਵਿੱਖ ਵਿੱਚ ਏਦਾਂ ਦੀ ਕੋਈ ਘਟਨਾ ਹੋਣ ਤੋਂ ਰੋਕਣ ਲਈ ਸਾਰੇ ਕਦਮ ਚੁੱਕਣ ਵਾਸਤੇ ਜੇਲ ਮੰਤਰੀ ਅਤੇ ਐਡੀਸ਼ਨਲ ਡੀ ਜੀ ਪੀ (ਜੇਲਾਂ) ਨੂੰ ਕਿਹਾ ਹੈ। ਉਨਾਂ ਚੇਤਾਵਨੀ ਦਿੱਤੀ ਕਿ ਕਾਨੂੰਨ ਵਿਵਸਥਾ ਦੀ ਏਡੀ ਉਲੰਘਣਾ ਅਤੇ ਜੇਲਾਂ ਦੀ ਸੁਰੱਖਿਆ ਵਿੱਚ ਕਿਸੇ ਵੀ ਤਰਾਂ ਦੀ ਘਾਟ ਸਹਿਣ ਨਹੀਂ ਕੀਤੀ ਜਾਵੇਗੀ।

ਇਸ ਮੌਕੇ ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਮ੍ਰਿਤਕ ਮਹਿੰਦਰਪਾਲ ਬਿੱਟੂ ਵਿਰੁੱਧ ਕੇਸਾਂ ਨੂੰ ਵਾਪਸ ਲੈਣ ਦੀ ਡੇਰੇ ਦੇ ਪੈਰੋਕਾਰਾਂ ਦੀ ਮੰਗਬਾਰੇ ਕਾਨੂੰਨ ਆਪਣੇ ਰਾਹ ਚੱਲਦਾ ਕਰੇਗਾ। ਬਿੱਟੂ ਦੇ ਵਿਰੁੱਧ ਕੇਸ ਵਿੱਚ ਅੰਤਮ ਪੜਤਾਲ ਰਿਪੋਰਟ ਅਦਾਲਤ ਵਿੱਚ ਪੇਸ਼ ਕੀਤੀ ਜਾ ਚੁੱਕੀ ਹੈ ਅਤੇ ਇਸ ਬਾਰੇ ਕੋਈ ਫੈਸਲਾ ਲੈਣਾ ਅਦਾਲਤਦਾ ਕੰਮ ਹੈ। ਜੇਲ ਵਿੱਚ ਬਿੱਟੂ ਦੀ ਹੱਤਿਆ ਤੋਂ ਬਾਅਦ ਸਾਰੇ ਪੰਜਾਬ ਵਿੱਚ ਸੁਰੱਖਿਆ ਪ੍ਰਬੰਧ ਪੱਕੇ ਕਰ ਦਿੱਤੇ ਗਏ ਅਤੇ ਅਫਵਾਹਾਂ ਰੋਕਣ ਲਈ ਸਾਰੇ ਜ਼ਰੂਰੀ ਕਦਮਚੁੱਕੇ ਗਏ ਹਨ। ਇਸ ਦੌਰਾਨ ਮੁੱਢਲੀ ਜਾਂਚਤੋਂ ਪਤਾ ਲੱਗਾ ਹੈ ਕਿ ਫਰੀਦਕੋਟ ਦੇ ਵਾਸੀ 49 ਸਾਲਾ ਮਹਿੰਦਰਪਾਲ ਬਿੱਟੂ ਉੱਤੇ ਹਮਲਾ ਦੋ ਕੈਦੀਆਂ ਗੁਰਸੇਵਕ ਸਿੰਘ ਅਤੇ ਮਨਿੰਦਰ ਸਿੰਘ ਨੇ ਕੀਤਾ ਹੈ, ਜਿਹੜੇ ਇਕ ਕਤਲ ਕੇਸ ਵਿੱਚ ਜੇਲ ਵਿੱਚ ਸਜ਼ਾ ਭੁਗਤ ਰਹੇ ਸਨ।

ਦੂਸਰੇ ਪਾਸੇ ਮਹਿੰਦਰਪਾਲ ਬਿੱਟੂ ਦੀ ਲਾਸ਼ ਪਿਛਲੇ ਦੋ ਦਿਨਾਂ ਤੋਂ ਕੋਟਕਪੂਰਾ ਵਿਚਲੇ ਨਾਮ ਚਰਚਾ ਘਰ ਵਿੱਚ ਰੱਖੀ ਹੋਈ ਸੀ। ਏਥੇ ਵੱਡੀ ਗਿਣਤੀ ਵਿੱਚ ਡੇਰਾ ਪ੍ਰੇਮੀ ਇਕੱਠੇ ਹੋਏ ਤੇ ਕੁਝ ਸ਼ਰਤਾਂ ਮੰਨੇ ਜਾਣ ਤਕ ਬਿੱਟੂ ਦਾ ਅੰਤਿਮ ਸਸਕਾਰ ਨਾ ਕਰਨ ਉੱਤੇ ਅੜੇ ਹੋਏ ਸਨ, ਪਰ ਪਰਿਵਾਰ ਅਤੇ ਡੇਰਾ ਕਮੇਟੀ ਨੂੰ ਜ਼ਿਲ੍ਹਾ ਪ੍ਰਸ਼ਾਸਨ ਨੇ ਅੰਤਿਮ ਸਸਕਾਰ ਲਈ ਮਨਾ ਲਿਆ। ਅੱਜ ਹੋਈ ਚਾਰ ਘੰਟੇ ਦੀ ਮੀਟਿੰਗ ਤੋਂ ਬਾਅਦ ਡਿਪਟੀ ਕਮਿਸ਼ਨਰ ਨੇ ਪਰਿਵਾਰ ਨੂੰ ਸੁਰੱਖਿਆ ਦੇਣ ਤੇ ਹੋਰ ਮੰਗਾਂ ਨੂੰ ਸਰਕਾਰ ਤਕ ਪੁਚਾਉਣ ਦਾ ਭਰੋਸਾ ਦਿੱਤਾ ਤਾਂ ਇਸ ਤੋਂ ਬਾਅਦ ਬਿੱਟੂ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ।

# ਮੋਦੀ ਮਾਣਹਾਨੀ ਕੇਸ ਵਿੱਚ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਦੇ ਸੰਮਨ ਜਾਰੀ

ਰਾਂਚੀ, 24 ਜੂਨ, (ਪੋਸਟ ਬਿਊਰੋ)- ਝਾਰਖੰਡ ਰਾਜ ਦੇ ਰਾਂਚੀ ਦੀ ਅਦਾਲਤ ਨੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੇ ਖ਼ਿਲਾਫ਼ ਦਰਜ ਕਰਵਾਏ ਗਏ 20 ਕਰੋੜ ਰੁਪਏ ਦੇ ਮਾਣਹਾਨੀ ਦੇ ਕੇਸ ਵਿੱਚ ਸੰਮਨ ਜਾਰੀ ਕੀਤਾ ਤੇ ਤਿੰਨ ਜੁਲਾਈ ਨੂੰ ਉਨ੍ਹਾਂ ਨੂੰ ਅਦਾਲਤ ਵਿੱਚ ਹਾਜ਼ਰ ਹੋਣ ਨੂੰ ਕਿਹਾ ਹੈ। ਅੱਜ ਸੋਮਵਾਰ ਦੀ ਸੁਣਵਾਈ ਵੇਲੇ ਅਦਾਲਤ ਨੇ ਰਾਹੁਲ ਗਾਂਧੀ ਦੇ ਸੰਮਨ ਜਾਰੀ ਕਰ ਕੇ ਉਨ੍ਹਾਂ ਨੂੰ ਤਿੰਨ ਜੁਲਾਈ ਨੂੰ ਹਾਜ਼ਰ ਹੋ ਕੇ ਜਾਂ ਵਕੀਲ ਰਾਹੀਂ ਆਪਣਾ ਪੱਖ ਰੱਖਣ ਦਾ ਆਦੇਸ਼ ਦਿੱਤਾ ਹੈ। ਇਸ ਬਾਰੇਵਕੀਲ ਪ੍ਰਦੀਪ ਮੋਦੀ ਨੇ ਅਦਾਲਤ ਵਿੱਚ ਮੁਕੱਦਮਾ ਦਰਜ ਕਰਵਾਇਆ ਹੈ।

ਸ਼ਿਕਾਇਤਕਰਤਾ ਪ੍ਰਦੀਪ ਮੋਦੀ ਇੱਕ ਵਕੀਲ ਹਨ। ਇਸ ਸ਼ਿਕਾਇਤ ਵਿੱਚ ਉਨ੍ਹਾਂ ਨੇ ਕਿਹਾ ਹੈ ਕਿ ਰਾਹੁਲ ਗਾਂਧੀ ਦੇ ਬਿਆਨ ਤੋਂ ਪੂਰਾ ਮੋਦੀ ਸਮਾਜ ਦੁਖੀ ਹੋਇਆ ਹੈ। ਪ੍ਰਦੀਪ ਮੋਦੀ ਮੁਤਾਬਕ ਤਿੰਨ ਮਾਰਚ ਨੂੰ ਰਾਂਚੀ ਵਿੱਚ ਭਾਸ਼ਣ ਦੇਂਦੇ ਹੋਏ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਸੀ ਕਿ ਦੇਸ਼ ਦਾ ਚੌਕੀਦਾਰ ਚੋਰ ਹੈ। ਇਸ ਮੌਕੇ ਉਨ੍ਹਾਂ ਨੀਰਵ ਮੋਦੀ, ਲਲਿਤ ਮੋਦੀ ਆਦਿ ਦਾ ਨਾਂ ਲੈਂਦੇ ਹੋਏ ਇਤਰਾਜ਼ਯੋਗ ਗੱਲਾਂ ਕਹੀਆਂ ਸਨ ਤੇਕੁਝ ਦਿਨ ਬਾਅਦ 13 ਅਪ੍ਰੈਲ ਨੂੰ ਕਰਨਾਟਕ ਵਿੱਚਫਿਰ ਏਦਾਂ ਦਾ ਬਿਆਨ ਦਿੱਤਾ ਸੀ। ਇਸ ਨਾਲ ਮੋਦੀ ਸਮਾਜ ਕਾਫ਼ੀ ਬੇਇਜ਼ਤ ਮਹਿਸੂਸ ਕਰਦਾ ਹੈ। ਸ਼ਿਕਾਇਤਕਰਤਾ ਨੇ ਰਾਹੁਲ ਗਾਂਧੀ ਉੱਤੇ 20 ਕਰੋੜ ਰੁਪਏ ਦੀ ਮਾਣਹਾਨੀ ਦਾ ਦਾਅਵਾ ਕੀਤਾ ਹੈ।

ਇਸ ਦੌਰਾਨ ਮੁੰਬਈ ਦੇ ਇਕ ਵਕੀਲ ਅਟਲ ਬਿਹਾਰੀ ਦੂਬੇ ਨੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਵਰਨਣ ਯੋਗ ਹੈ ਕਿ 21 ਜੂਨ ਨੂੰ ਕੌਮਾਂਤਰੀ ਯੋਗ ਦਿਵਸ ਉੱਤੇ ਕਾਂਗਰਸ ਪ੍ਰਧਾਨ ਨੇ ਟਵੀਟ ਕਰਕੇ ਆਰਮੀ ਦੇ ਕੁੱਤਿਆਂ ਦਾ ਮਜ਼ਾਕ ਉਡਾਇਆ ਸੀ। ਵਕੀਲ ਨੇ ਕਾਂਗਰਸ ਪ੍ਰਧਾਨ ਵਿਰੁੱਧ ਆਈਪੀਸੀ ਦੀ ਧਾਰਾ 505 ਹੇਠ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਇਹ ਸ਼ਿਕਾਇਤ ਆਜ਼ਾਦ ਮੈਦਾਨ ਥਾਣੇ ਨੂੰ ਸੌਂਪੀ ਗਈ ਹੈ।

ਬੀਤੇ ਸ਼ੁੱਕਰਵਾਰ ਕੌਮਾਂਤਰੀ ਯੋਗ ਦਿਵਸ ਮੌਕੇ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਿਊ ਇੰਡੀਆ ਵਿਜ਼ਨ ਉੱਤੇ ਵਿਅੰਗ ਕੀਤਾ ਤੇ ਉਨ੍ਹਾਂ ਦੇ ਯੋਗ ਦੀ ਤੁਲਨਾ ਕਰਦਿਆਂ ਫ਼ੌਜ ਦੇ ਡਾਗ ਸਕੁਐਡ ਦੀ ਫੋਟੋ ਪੋਸਟ ਕੀਤੀ ਸੀ।

ਅਟਲ ਬਿਹਾਰੀ ਦੂਬੇ ਨੇ ਇਸ ਸ਼ਿਕਾਇਤ ਵਿੱਚ ਕਿਹਾ ਹੈ ਕਿ ਆਪਣੇ ਟਵਿਟਰ ਅਕਾਊਂਟ ਨੂੰ ਵੇਖਣ ਵੇਲੇ ਮੈਂ ਵੇਖਿਆ ਕਿ ਰਾਹੁਲ ਗਾਂਧੀ ਨੇ ਨਿਊ ਇੰਡੀਆ ਕੈਪਸ਼ਨ ਨਾਲ 21 ਜੂਨ ਨੂੰ ਦੋ ਫੋਟੋਭੇਜੀਆਂ ਹਨ। ਇਹ ਫੋਟੋ ਆਰਮੀ ਡਾਗ ਯੂਨਿਟ ਤੋਂ ਲਈ ਗਈ ਸੀ, ਜਿੱਥੇ ਫ਼ੌਜ ਦੇ ਜਵਾਨਾਂ ਨਾਲ ਡਾਗ ਸਕੁਆਡ ਦੇ ਕੁੱਤੇ ਵੀ ਕਸਰਤ ਕਰਦੇ ਪਏ ਸਨ। ਵਕੀਲ ਨੇ ਕਿਹਾ ਕਿ ਰਾਹੁਲ ਨੇ ਇਸ ਪੋਸਟ ਨਾਲ ਲੋਕਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰੀ ਹੈ, ਇਹ ਫ਼ੌਜ ਦੀ ਵੀ ਬੇਇਜ਼ਤੀ ਹੈ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਜਿਸ ਤਰ੍ਹਾਂ ਸੱਟ ਵੱਜੀ ਹੈ, ਉਸ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਸੰਭਵ ਨਹੀਂ ਹੈ।

# ਕਾਂਗਰਸ ਦੀਆਂ ਸਭ ਕਮੇਟੀਆਂ ਭੰਗ, ਪ੍ਰਧਾਨ ਦਾ ਫ਼ੈਸਲਾ ਅਗਲੀ ਵਰਕਿੰਗ ਕਮੇਟੀ ਵਿੱਚ

ਨਵੀਂ ਦਿੱਲੀ, 24 ਜੂਨ, (ਪੋਸਟ ਬਿਊਰੋ)- ਪਿਛਲੇ ਮਈ ਮਹੀਨੇ ਹੋਈਆਂ ਪਾਰਲੀਮੈਂਟ ਚੋਣਾਂ ਵਿੱਚ ਮਿਲੀ ਕਰਾਰੀ ਹਾਰ ਤੋਂ ਬਾਅਦ ਕਾਂਗਰਸ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣਦੇ ਲਈ ਅੜੇ ਹੋਏ ਹਨ। ਇਸ ਦੌਰਾਨਅੱਜ ਸੋਮਵਾਰ ਨੂੰ ਕਾਂਗਰਸ ਦੇ ਸੀਨੀਅਰ ਆਗੂਆਂ ਨੇ ਸਾਰੀਆਂ ਕਮੇਟੀਆਂ ਨੂੰ ਭੰਗ ਕਰ ਦਿੱਤਾ ਹੈ। ਆਸ ਹੈ ਕਿ ਅਗਲੇ ਹਫ਼ਤੇ ਕਾਂਗਰਸ ਵਰਕਿੰਗ ਕਮੇਟੀ ਆਪਣੇ ਪਾਰਟੀ ਪ੍ਰਧਾਨ ਦੇ ਅਹੁਦੇ ਬਾਰੇ ਫ਼ੈਸਲਾ ਕਰੇਗੀ। ਬਹੁਤੀ ਸੰਭਾਵਨਾ ਹੈ ਕਿ ਕਾਂਗਰਸ ਵਰਕਿੰਗ ਕਮੇਟੀ ਦੀ ਅਗਲੀ ਹਫ਼ਤੇ ਹੋਣ ਵਾਲੀ ਮੀਟਿੰਗ ਵੀ ਰਾਹੁਲ ਗਾਂਧੀ ਨੂੰ ਅਹੁਦੇ ਉੱਤੇ ਰਹਿਣ ਲਈ ਮਨਾਉਣ ਦੀ ਇੱਕ ਵਾਰ ਫਿਰ ਕੋਸ਼ਿਸ਼ ਕਰੇਗੀ।

ਵਰਨਣ ਯੋਗ ਹੈ ਕਿ ਰਾਹੁਲ ਗਾਂਧੀ ਨੇ 23 ਮਈ ਨੂੰ ਲੋਕ ਸਭਾ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ 25 ਮਈ ਨੂੰ ਕਾਂਗਰਸ ਵਰਕਿੰਗ ਕਮੇਟੀ ਦੀ ਬੈਠਕ ਵਿੱਚ ਆਪਣੇ ਅਹੁਦੇ ਤੋਂ ਹਟਣ ਦੀ ਇੱਛਾ ਪ੍ਰਗਟ ਕੀਤੀ ਸੀ। ਵਰਕਿੰਗ ਕਮੇਟੀ ਨੇ ਇਸ ਪੇਸ਼ਕਸ਼ ਨੂੰ ਰੱਦ ਕਰ ਦਿੱਤਾ ਸੀ, ਪਰ ਰਾਹੁਲ ਗਾਂਧੀ ਹਾਲੇ ਵੀ ਆਪਣੇ ਫ਼ੈਸਲੇ ਉੱਤੇ ਅੜੇ ਹੋਏ ਹਨ। ਫਿਰ ਕਾਂਗਰਸ ਪਾਰਟੀ ਦੇ ਬੁਲਾਰੇ ਰਣਦੀਪ ਸੂਰਜੇਵਾਲਾ ਨੇ ਕਿਹਾ ਸੀ ਕਿ ਰਾਹੁਲ ਗਾਂਧੀ ਸਾਡੇ ਪ੍ਰਧਾਨ ਸਨ, ਹਨ ਅਤੇ ਉਹ ਹੀ ਰਹਿਣਗੇ।

ਬੀਤੇ ਮਹੀਨੇ ਹੋਈਆਂ ਪਾਰਲੀਮੈਂਟ ਚੋਣਾਂ ਵਿੱਚ ਕਾਂਗਰਸ ਪਾਰਟੀ ਸਿਰਫ 52 ਸੀਟਾਂ ਉੱਤੇ ਸਿਮਟ ਗਈ ਸੀ। ਸਾਲ 2014ਦੀਆਂ 44 ਸੀਟਾਂ ਦੇ ਮੁਕਾਬਲੇ ਇਸ ਵਾਰੀ ਭਾਵੇਂ ਪਾਰਟੀ ਨੂੰ 8 ਸੀਟਾਂ ਜ਼ਿਆਦਾ ਮਿਲੀਆਂ ਸਨ, ਇਸ ਦੇਬਾਵਜੂਦ ਕਾਂਗਰਸ ਪਾਰਟੀ ਦੀ ਕਾਰਗੁਜ਼ਾਰੀ ਬੇਹੱਦ ਨਿਰਾਸ਼ਾਜਨਕ ਰਹੀ ਸੀ।

# ਗੈਰ ਪ੍ਰਮਾਣਿਤ ਏਜੰਟਾਂ ਦੇ ਖਿਲਾਫ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਲਦ ਸ਼ੁਰੂ ਹੋਵੇਗੀ ਕਾਰਵਾਈ : ਡੀ.ਸੀ



ਫਿਰੋਜ਼ਪੁਰ, 24 ਜੂਨ (ਗਿਆਨ ਸਿੰਘ): ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਵਿੱਚ ਗੈਰ ਪ੍ਰਮਾਣਿਤ ਤੌਰ ਤੇ ਰਜਿਸਟ੍ਰੇਸ਼ਨ ਦੇ ਕੰਮ ਕਰ ਰਹੇ ਟ੍ਰੈਵਲ ਏਜੰਟਾਂ ਦੇ ਖਿਲਾਫ ਜਲਦ ਹੀ ਕਾਰਵਾਈ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਦੇ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਅਧਿਕਾਰੀਆਂ ਦੀ ਸੰਯੁਕਤ ਟੀਮਾਂ ਟ੍ਰੈਵਲ ਏਜੰਟਾਂ, ਇਮੀਗ੍ਰੇਸ਼ਨ ਕੰਸਲਟੈਂਟਸ, ਟਿਕਟਿੰਗ ਏਜੰਟਾਂ, ਆਈਲੈਟਸ ਸੰਸਥਾਵਾਂ ਅਤੇ ਜਨਰਲ ਸੇਲਸ ਏਜੰਟਾਂ ਦੇ ਦਫ਼ਤਰਾਂ ਵਿੱਚ ਜਾ ਕੇ ਚੈਕਿੰਗ ਕਰਨਗੀਆਂ।

ਜ਼ਿਲ੍ਹੇ ਵਿੱਚ ਟ੍ਰੈਵਲ ਏਜੰਟਾਂ ਦੀ ਰਜਿਸਟ੍ਰੇਸ਼ਨ ਨੂੰ ਲੈ ਕੇ ਇੱਕ ਰੀਵਿਊ ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਸਿਰਫ਼ 61 ਟ੍ਰੈਵਲ ਏਜੰਟਾਂ ਨੇ ਪ੍ਰਸ਼ਾਸਨ ਦੇ ਪਾਸ ਆਪਣਾ ਪੰਜੀਕਰਨ ਕਰਵਾ ਕੇ ਲਾਇਸੰਸ ਹਾਸਲ ਕੀਤਾ ਹੈ ਜਦਕਿ ਇੱਥੇ ਟ੍ਰੈਵਲ ਏਜੰਟਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੈ। ਉਨ੍ਹਾਂ ਨੇ ਕਿਹਾ ਕਿ ਜਿਨ੍ਹਾਂ ਏਜੰਟਾਂ ਨੇ ਹੁਣ ਤੱਕ ਲਾਇਸੰਸ ਨਹੀਂ ਲਿਆ, ਉਹ 2 ਦਿਨ ਦੇ ਅੰਦਰ-ਅੰਦਰ ਪ੍ਰਸ਼ਾਸਨ ਵੱਲੋਂ ਲਾਇਸੰਸ ਲੈਣ ਲਈ ਅਰਜ਼ੀਆਂ ਦਾਖਲ ਕਰਨ ਨਹੀਂ ਤਾਂ ਉਨ੍ਹਾਂ ਦੇ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲਾਇਸੰਸ ਨਾ ਮਿਲਣ ਤੱਕ ਸਬੰਧਿਤ ਏਜੰਟ ਆਪਣੇ ਦਫ਼ਤਰ ਬੰਦ ਰੱਖਣ ਕਿਉਂਕਿ ਜਲਦ ਹੀ ਪੁਲਿਸ-ਪ੍ਰਸ਼ਾਸਨ ਦੀ ਸੰਯੁਕਤ ਟੀਮਾਂ ਇਹੋ ਜਿਹੇ ਏਜੰਟਾਂ ਦੀ ਜਾਂਚ ਸ਼ੁਰੂ ਕਰਨ ਵਾਲੀਆਂ ਹਨ। ਜਿਸ ਦੇ ਪਾਸ ਲਾਇਸੰਸ ਨਹੀਂ ਹੋਵੇਗਾ, ਉਸ ਦੇ ਖਿਲਾਫ ਐੱਫ.ਆਈ.ਆਰ. ਦਰਜ ਕੀਤੀ ਜਾਵੇਗੀ, ਨਾਲ ਹੀ ਉਸ ਦੇ ਦਫ਼ਤਰ ਨੂੰ ਵੀ ਸੀਲ ਕੀਤਾ ਜਾਵੇਗਾ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

"Quality is our strength."

SKYDOME GROUP OF COMPANIES

MINISTRY APPROVED SALVAGE INSPECTION STATION

WE DEAL WITH ALL INSURANCE COMPANIES

Body Centre

Specializing In:
- Collision • Custom Painting
- Mechanical Service
- Frame & Unibody Repair
- Insurance Claims Welcome

Inderjit Singh Lic. Auto Body Technician/Lic. Mec.

Daljit Singh President

308 Rutherford Road Brampton

905-874-9878

Skydome Emission & Allignment Centre Inc.

210 Rutherford Rd., Brampton

905-450-9878

WE SELL QUALITY USED CARS

STAFFORD TRUCK CENTRE
30 Stafford Dr., Brampton, Tel: 905-460-1414

HEAD OFFICE: 905-874-9878
Tol Free: 1-877-799-9878, www.skydomeauto.ca



Paramjit Deol CELL: 416-993-7378

Broker 7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca

Your neighborhood broker, Call Paramjit Deol Today

TORONTO $2,150
50 Bruyeres Mews 901: Great Prime Downtown Location! 1 Bedroom + 1 Bath Suite Very Spacious Layout Laminate Floor, Open Concept Kitchen. Stainless Steel Appliances, Granite Counter, Ensuite Laundry, Amenities Included, Gym, Media Room. etc.

MISSISAUGA $99,900
1224 Dundas St W : Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations Recently. Very low rent.

St. Catharine $199,999
73 St Paul : Excellent Turn Key Operation, Well Established Franchise Vape & Smoke Shops. Great Opportunity For Entrepreneurs That Want To Think Outside The Box!! Situated In A High Traffic Area.

BRAMPTON $229,000
Photo Not Available
10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . Flexible Business Hours. Serving Both Indian & Canadian Items. Will Not Last Long!

BRAMPTON $75,000
Photo Not Available
135 Inspire Blvd: Turn Key Operation, Great Opportunity To Own A Well Established & Busy Pizza Store, Located In High Demanded Area Of Brampton, Sales Are $20,000 As Per Seller, Very Low Rent Of $1920 Per Month, Close To Schools,Commercial & Industrial area.

MISSISSAUGA $169,900
Photo Not Available
7215 Goreway dr : Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers Drug Mart, Lcbo Close To amenities.

TORONTO $289,000
Kipling/Dixon/401: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest. Close To All Amenities

BURLINGTON $299,000
701 GUELPH LINE : Excellent Turn Key Operation, Well Established Franchise Vape & Smoke Shops. Great Opportunity For Entrepreneurs That Want To Think Outside The Box!! Situated In A High Traffic Area, Great Clientele.

BRAMPTON $789,800
Queen St/ Chinguacousy: Fieldgate Home, Gas Fireplace, Entrance To Garage, Central Vac Rough-In, 9 Ft Ceilings, Cold Cellar, 3 Pcs Rough-In Bath In Bsmt, Glass Shower & Oval Soaker Tub In Master Ensuite, Tray Ceiling In Master, Upgraded kitchen.

BRAMPTON $330,000
SUBWAY eat fresh.
3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

BRAMPTON $449,000
315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

CALEDON $399,000
Photo Not Available
12612 HIGHWAY 50: Sale Of Business Without Property Bakery
Please call 905-405-8484

BRANTFORD $499,000
Photo Not Available
639 Collarbone St W: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

New Tecumseth $899,800
73 Morrison Ave: One Of A Kind Home With Custom Design Changes, Butlers Pantry, Main Floor Laundry & Added Sq Ft! 9' +/- Main Floor Ceilings, Under-Mount Kitchen Sink, Wall-Mount Pot Filler. Entrance To Garage From Home. Finished Basement.

MISSISSAUGA $629,000
Photo Not Available
7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

WOODSTOCK $1,125,000
257 Dundas St: Fantastic Investment Opportunity!! Brand New Built Store Front W/Apt, Situated In A Prime Location In Woodstock, Retail Area 1500 Sq Ft & Basement Included For Storage, 3 Bedroom Apartment On Upper Level, Brand New Built.

*Canadian punjabi post assumes no responsibility for the accuracy of any information shown. Copyright Ppost 2019

## ਪੂਰਨ ਸਿੰਘ ਬੰਗਾ ਨੂੰ ਮਿਲਿਆ 'ਕਮਿਊਨਿਟੀ ਐਵਾਰਡ'



ਔਕਲੈਂਡ, 24 ਜੂਨ (ਹਰਜਿੰਦਰ ਸਿੰਘ ਬਸਿਆਲਾ): ਅੱਜ ਇੰਡੀਅਨ ਨਿਊਜ਼ ਲਿੰਕ ਅਖਬਾਰ ਵੱਲੋਂ 6ਵਾਂ ਸਲਾਨਾ ਸਪੋਰਟਸ, ਕਮਿਊਨਿਟੀ, ਆਰਟਸ ਅਤੇ ਕਲਚਰਲ ਐਵਾਰਡ ਸਮਾਗਮ ਇਲਰਸਲੀ ਈਵੈਂਟ ਸੈਂਟਰ ਵਿਖੇ ਕਰਵਾਇਆ ਗਿਆ। 12 ਦੇ ਕਰੀਬ ਇਸ ਮੌਕੇ ਖੇਡ ਐਵਾਰਡ, 18 ਦੇ ਕਰੀਬ ਵੱਖ-ਵੱਖ ਖੇਤਰਾਂ ਦੇ ਵਿਚ ਨਾਮਣਾ ਖੱਟਣ ਵਾਲਿਆਂ ਨੂੰ 'ਕਮੇਮਰੈਸ਼ਨ ਐਵਾਰਡ' ਅਤੇ 47 ਦੇ ਕਰੀਬ 'ਕਮਿਊਨਿਟੀ ਐਵਾਰਡ' ਦਿੱਤੇ ਗਏ। ਟੌਰੰਗਾ ਵਿਖੇ ਸਿੱਖ ਭਾਈਚਾਰੇ ਦੀ ਸੇਵਾ ਲਈ ਸ. ਪੂਰਨ ਭਾਗ ਸਿੰਘ ਬੰਗਾ ਨੂੰ 'ਕਮਿਊਨਿਟੀ ਐਵਾਰਡ' ਸਾਂਸਦ ਮਾਰਕ ਮਿਸ਼ੈਲ ਵੱਲੋਂ ਦਿੱਤਾ ਗਿਆ। ਪੂਰਨ ਸਿੰਘ ਬੰਗਾ ਨੇ ਇਹ ਐਵਾਰਡ ਇਕੱਲਿਆਂ ਨਹੀਂ ਸਗੋਂ ਉਨ੍ਹਾਂ ਨਾਲ ਆਏ ਭਾਈਚਾਰੇ ਦੇ ਮੈਂਬਰਾਂ ਸ. ਦਲਜੀਤ ਸਿੰਘ ਸੋਨੀ, ਹਰਚਰਨ ਸਿੰਘ ਗਰੇਵਾਲ, ਮਨੋਹਰ ਸਿੰਘ, ਸੁਰਿੰਦਰ ਸਿੰਘ ਦਾਰਾ, ਦਲਜੀਤ ਸਿੰਘ ਕੈਟੀਕੈਟੀ, ਕਮਲ ਯਾਦਵ ਅਤੇ ਸ. ਮੋਹਨਪਾਲ ਸਿੰਘ ਬਾਠ ਨੂੰ ਸਟੇਜ 'ਤੇ ਨਾਲ ਲਿਜਾ ਕੇ ਇਹ ਐਵਾਰਡ ਭਾਈਚਾਰੇ ਨੂੰ ਸਮਰਪਿਤ ਕੀਤਾ। ਇਸ ਮੌਕੇ ਸਟੇਜ ਉਤੋਂ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦਾ ਜੈਕਾਰਾ ਵੀ ਲਗਾਇਆ ਗਿਆ। ਵਰਨਣਯੋਗ ਹੈ ਕਿ ਸ. ਪੂਰਨ ਸਿੰਘ ਬੰਗਾ ਲੰਬੇ ਸਮੇਂ ਤੋਂ ਟੌਰੰਗਾ ਦੇ ਸਿੱਖ ਭਾਈਚਾਰੇ ਦੇ ਵਿਚ ਕਾਰਜ ਕਰਦੇ ਹਨ। ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ ਸਥਾਪਿਤ ਕਰਨ ਦੇ ਵਿਚ ਵੀ ਇਨ੍ਹਾਂ ਦਾ ਅਹਿਮ ਯੋਗਦਾਨ ਹੈ। ਇਸ ਤੋਂ ਇਲਾਵਾ ਖੇਡਾਂ ਦੇ ਖੇਤਰ ਵਿਚ ਅਤੇ ਬੱਚਿਆਂ ਦੇ ਲਈ ਕਈ ਤਰ੍ਹਾਂ ਦੇ ਪ੍ਰੋਗਰਾਮ ਉਲੀਕਣ ਦੇ ਵਿਚ ਵੀ ਉਹ ਆਪਣਾ ਯੋਗਦਾਨ ਪਾਉਂਦੇ ਰਹਿੰਦੇ ਹਨ। ਐਵਾਰਡ ਸਮਾਗਮ ਵੇਲੇ ਉਥੇ ਹਾਜ਼ਿਰ ਕੰਵਲਜੀਤ ਸਿੰਘ ਬਖਸ਼ੀ ਨੇ ਸ. ਪੂਰਨ ਸਿੰਘ ਬੰਗਾ ਰਾਹੀਂ ਸਮੂਹ ਟੌਰੰਗਾ ਵਸਦੇ ਸਿੱਖ ਭਾਈਚਾਰੇ ਨੂੰ ਵਧਾਈ ਦਿੱਤੀ। ਡਾ. ਪਰਮਜੀਤ ਕੌਰ ਪਰਮਾਰ ਨੇ ਵੀ ਪੂਰਨ ਸਿੰਘ ਨੂੰ ਵਧਾਈ ਦਿੱਤੀ। ਸਟੇਜ ਉਤੇ ਹਾਜ਼ਿਰ ਏਥਨਕ ਮੰਤਰੀ ਜੈਨੀ ਸਾਲੀਸਾ, ਮੇਅਰ ਫਿੱਲ ਗੌਫ, ਸਾਂਸਦ ਮਾਰਕ ਮਿਸ਼ੈਲ ਅਤੇ ਸਾਂਸਦ ਮਾਈਕਲ ਵੁੱਡ ਨੇ ਵੀ ਐਵਾਰਡ ਪ੍ਰਾਪਤ ਕਰਨ ਉਤੇ ਵਧਾਈ ਦਿੱਤੀ। ਨੈਸ਼ਨਲ ਪਾਰਟੀ ਦੇ ਨੇਤਾ ਅਤੇ ਵਿਰੋਧੀ ਧਿਰ ਦੇ ਨੇਤਾ ਸਾਇਮਨ ਬ੍ਰਿਜਸ (ਸਾਂਸਦ ਟੌਰੰਗਾ) ਨੇ ਵੀ ਪੂਰਨ ਸਿੰਘ ਨੂੰ ਟੌਰੰਗਾ ਵਸਦੇ ਸਿੱਖ ਭਾਈਚਾਰੇ ਦੀ ਸੇਵਾ ਲਈ ਵਧਾਈ ਦਿੱਤੀ।

## ਲੌਕਵੁੱਡ ਸੀਨੀਅਰਜ਼ ਕਲੱਬ ਦੇ 7 ਜੁਲਾਈ ਨੂੰ ਹੋਣ ਵਾਲੇ ਮੇਲੇ ਦੀਆਂ ਤਿਆਰੀਆਂ ਮੁਕੰਮਲ

ਲੌਕਵੁੱਡ ਸੀਨੀਅਰਜ਼ ਕਲੱਬ, ਬਰੈਂਪਟਨ ਵਲੋਂ 7 ਜੁਲਾਈ ਨੂੰ ਲਾਰਡ ਸੈਂਡਰਸਨ ਪਾਰਕ ਵਿੱਚ ਕੈਨੇਡਾ ਡੇ ਅਤੇ ਭਾਰਤ ਦਾ ਅਜ਼ਾਦੀ ਦਿਨ ਮਨਾਇਆ ਜਾ ਰਿਹਾ ਹੈ, 11 ਵਜੇ ਕੈਨੇਡਾ ਅਤੇ ਭਾਰਤ ਦੇ ਕੌਮੀ ਝੰਡੇ ਲਹਿਰਾਏ ਜਾਣਗੇ ਅਤੇ ਦੋਹਾਂ ਦੇਸ਼ਾਂ ਦੇ ਕੌਮੀ ਗੀਤ ਵੀ ਗਾਏ ਜਾਣਗੇ। ਆਪ ਸੱਭ ਨੂੰ ਇਸ ਮੇਲੇ ਵਿੱਚ ਆਉਣ ਦਾ ਖੁੱਲ੍ਹਾ ਸੱਦਾ ਹੈ। ਸਵੀਪ ਦੇ ਮੁਕਾਬਲੇ ਹੋਣਗੇ, ਸਵੀਪ ਦੀ ਐਂਟਰੀ 10:30 ਵਜੇ ਸ਼ੁਰੂ ਹੋਵੇਗੀ ਅਤੇ ਫੀਸ $10 ਹੋਵੇਗੀ, 11 ਵਜੇ ਮੁਕਾਬਲੇ ਸ਼ੁਰੂ ਹੋਣਗੇ। ਪਹਿਲੇ ਅਤੇ ਦੂਜੇ ਸਥਾਨ ਤੇ ਰਹਿਣ ਵਾਲੇ ਜੇਤੂਆਂ ਨੂੰ ਨਕਦ ਇਨਾਮ ਵੀ ਦਿੱਤੇ ਜਾਣਗੇ। ਇਸ ਤੋਂ ਇਲਾਵਾ ਛੋਟੇ ਅਤੇ ਵੱਡੇ ਬੱਚਿਆਂ ਦੀਆਂ ਦੌੜਾਂ ਹੋਣਗੀਆਂ, ਬਜ਼ੁਰਗਾਂ ਦੀ ਚੇਅਰ ਰੇਸ, ਬੀਬੀਆਂ ਦੀ ਚੇਅਰ ਰੇਸ, ਗਿੱਧਾ, ਬੱਚਿਆਂ ਦਾ ਭੰਗੜਾ ਹੋਵੇਗਾ। ਮੇਲੇ ਵਿੱਚ ਖਾਣ ਪੀਣ ਦਾ ਖੁੱਲ੍ਹਾ ਪ੍ਰਬੰਧ ਹੋਵੇਗਾ। ਮੇਲਾ ਸ਼ਾਮ 5 ਵਜੇ ਤੱਕ ਚੱਲੇਗਾ। ਇਸ ਮੇਲੇ ਦੀ ਰੌਣਕ ਵਧਾਉਣ ਲਈ ਬਰੈਂਪਟਨ ਦੇ ਮੇਅਰ, ਹਲਕੇ ਦੇ ਸੰਸਦ ਮੈਂਬਰ, ਵਿਧਾਇਕ, ਕੌਂਸਲਰ ਅਤੇ ਰਿਜਨਲ ਕੌਂਸਲਰ ਵੀ ਪਹੁੰਚਣਗੇ। ਆਓ ਆਪਾਂ ਸਾਰੇ ਮਿਲਕੇ ਇਸ ਮੇਲੇ ਨੂੰ ਇੱਕ ਯਾਦਗਾਰ ਸਮਾਗਮ ਬਣਾਈਏ। ਹੋਰ ਜਾਣਕਾਰੀ ਲਈ ਮਲਕੀਤ ਸਿੰਘ ਪ੍ਰਧਾਨ 365-228-6332, ਬੀਬੀ ਗੁਰਮੀਤ ਕੌਰ ਸ਼ੇਰਗਿੱਲ 647-707-7107, ਮੁਖਤਿਆਰ ਸਿੰਘ ਨਾਹਲ 647-718-2282, ਮਹਾਂ ਸਿੰਘ ਗਰੇਵਾਲ 647-655-8993

## 12 ਬੋਤਲਾਂ ਨਜਾਇਜ ਸ਼ਰਾਬ ਸਮੇਤ ਇਕ ਕਾਬੂ, ਭੇਜਿਆ ਜੇਲ

ਸ਼ਹਿਣਾ, 22 ਜੂਨ (ਤਰਸੇਮ ਗੋਇਲ)-ਜ਼ਿਲਾ ਪੁਲਿਸ ਮੁੱਖੀ ਹਰਜੀਤ ਸਿੰਘ ਤੇ ਉਪ ਕਪਤਾਨ ਪੁਲਿਸ ਮਹਿਲ ਕਲਾਂ ਰਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਥਾਣਾ ਟੱਲੇਵਾਲ ਪੁਲਿਸ ਨੂੰ ਨਸ਼ਿਆਂ ਖ਼ਿਲਾਫ ਵਿੱਢੀ ਮੁਹਿੰਮ ਨੂੰ ਉਸ ਸਮੇਂ ਸਫਲਤਾ ਮਿਲੀ ਜਦ ਸ਼ਨਿੱਚਰਵਾਰ ਨੂੰ ਇਕ ਵਿਅਕਤੀ ਨੂੰ 12 ਬੋਤਲਾਂ ਨਜਾਇਜ ਦੇਸੀ ਸ਼ਰਾਬ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਇਸ ਸਬੰਧੀ ਐਸਐਚਓ ਗੁਰਦੀਪ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਗੁਰਤੇਜ ਸਿੰਘ ਭੋਤਨਾ-ਚੂੰਘਾਂ ਲਿੰਕ ਰੋਡ 'ਤੇ ਪੁਲਿਸ ਪਾਰਟੀ ਨਾਲ ਗਸ਼ਤ ਕਰ ਰਿਹਾ ਸੀ ਤਾਂ ਇਕ ਵਿਅਕਤੀ ਜੀਤ ਸਿੰਘ ਪੁੱਤਰ ਸ਼ੇਰ ਸਿੰਘ ਵਾਸੀ ਭੋਤਨਾ ਪੈਦਲ ਆ ਰਿਹਾ ਸੀ। ਉਨ੍ਹਾਂ ਦੱਸਿਆ ਕਿ ਸਹਾਇਕ ਥਾਣੇਦਾਰ ਗੁਰਤੇਜ ਸਿੰਘ ਨੇ ਉਕਤ ਪੈਦਲ ਆ ਰਹੇ ਵਿਅਕਤੀ ਦੀ ਤਲਾਸ਼ੀ ਲੈਣ 'ਤੇ 12 ਬੋਤਲਾਂ ਨਜਾਇਜ ਦੇਸੀ ਸ਼ਰਾਬ ਮਾਰਕਾ ਮਾਲਟਾ ਹਰਿਆਣਾ ਬਰਾਮਦ ਹੋਈ। ਉਨ੍ਹਾਂ ਦੱਸਿਆ ਕਿ ਉਕਤ ਵਿਅਕਤੀ ਨੂੰ ਸ਼ਰਾਬ ਸਮੇਤ ਮੌਕੇ 'ਤੇ ਗ੍ਰਿਫਤਾਰ ਕਰਕੇ ਐਕਸਾਈਜ ਐਕਟ ਤਹਿਤ ਕੇਸ ਦਰਜ ਕਰਨ ਉਪਰੰਤ ਅਗਲੇਰੀ ਕਾਰਵਾਈ ਸਹਾਇਕ ਥਾਣੇਦਾਰ ਗੁਰਤੇਜ ਸਿੰਘ ਨੂੰ ਸੌਂਪ ਦਿੱਤੀ ਗਈ ਹੈ।

ਦੋਸ਼ੀ ਨੂੰ ਅਦਾਲਤ 'ਚ ਪੇਸ਼ ਕਰਕੇ ਭੇਜਿਆ ਜੇਲ:

ਸਹਾਇਕ ਥਾਣੇਦਾਰ ਗੁਰਤੇਜ ਸਿੰਘ ਨੇ ਦੱਸਿਆ ਕਿ ਉਕਤ ਕਾਬੂ ਕੀਤੇ ਵਿਅਕਤੀ ਨੂੰ ਡਿਊਟੀ ਮਜਿਸਟਰੇਟ ਮਨਾਯੋਗ ਸਿਵਲ ਜੱਜ ਕੁਲਵਿੰਦਰ ਕੌਰ ਦੀ ਅਦਾਲਤ 'ਚ ਪੇਸ਼ ਕੀਤਾ ਗਿਆ, ਜਿੱਥੇ ਉਸ ਨੂੰ 14 ਦਿਨਾਂ ਦੀ ਜ਼ਿਲਾ ਜੇਲ ਬਰਨਾਲਾ ਵਿਖੇ ਭੇਜ ਦਿੱਤਾ ਗਿਆ।

# ਸੇਵਾਦਲ ਮਲਟੀਕਲਚਰ ਈਵੈਂਟ ਸੰਪਨ





ਬੀਤੇ ਸ਼ਨਿਚਰਵਾਰ ਨੂੰ ਸੀਨੀਅਰ ਸੋਸ਼ਿਲ ਸਰਵਿਸਜ਼ ਗਰੁਪ ਦੀ ਸਲਾਨਾ ਈਵੈਂਟ ਐਫ ਬੀ ਆਈ ਸਕੂਲ ਵਿਚ ਬੜੀ ਸਾਨੋ ਸ਼ੌਕਤ ਨਾਲ ਸੰਪਨ ਹੋਈ। ਵਿਸ਼ੇਸ਼ ਮਹਿਮਾਨਾ ਵਿਚ ਐਮ ਪੀਪੀ ਦੀਪਕ ਅਨੰਦ, ਕਾਨਸੁਲੇਟ ਆਫ ਇੰਡੀਆ ਵਲੋਂ ਕਉਂਸਲ ਕਮਿਉਨਿਟੀ ਵੈਲਫੇਅਰ ਡੀ ਪੀ ਸਿੰਘ, ਪੀਲ ਪੋਲੀਸ ਵਲੋਂ ਬਲਦੀਪ ਔਜਲਾ ਅਤੇ ਫਲਾਵਰ ਸਿਟੀ ਸੀਨਅਰ ਸੈਂਟਰ ਵਲੋਂ ਪ੍ਰਧਾਨ ਮਾਰਿਨਾ ਆਡਮ ਅਤੇ ਇੰਡੀਆ ਤੋਂ ਮੀਡੀਆ ਰੀਪੋਰਟਰ ਕਪੂਰ ਸਾਹਿਬ ਨੇ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਸੀਨੀਅਰ ਕਲੱਬਾਂ ਦੇ ਪ੍ਰਧਾਨਾਂ ਨੇ ਵੀ ਹਾਜਰੀ ਦਿਤੀ ਜਿਨ੍ਹਾਂ ਵਿਚ ਡਾਕਟਰ ਸੋਹਣ ਸਿੰਘ, ਕੈਪਟਨ ਇਕਬਾਲ ਸਿੰਘ ਵਿਰਕ ਅਤੇ ਰਜਨੀ ਸ਼ਰਮਾ ਦੇ ਨਾਮ ਲਏ ਗਏ। ਮੀਡੀਆ ਵਿਚੋਂ ਮੇਨਸਟਰੀਮ ਮੀਡੀਆ ਸਿਟੀ ਟੀਵੀ ਯਾਨੀ ਓਮਨੀ ਟੀਵੀ, ਰੈਡ ਐਫ ਐਮ ਰੈਡੀਓ ਅਤੇ ਹਮਦਰਦ ਟੀਵੀ ਦੇ ਨੁਮਾਂਇੰਦੇ ਪ੍ਰੋਗਰਾਮ ਕਵਰੇਜ਼ ਲਈ ਹਾਜਰ ਹੋਏ।

ਪ੍ਰੋਗਰਾਮ ਦੀ ਸ਼ੁਰੂਆਤ ਕਰਨ ਲਈ ਸੇਵਾਲਲ ਦੇ ਪ੍ਰਧਾਨ ਚਾਂਦ ਕਪੂਰ ਨੇ ਪ੍ਰਧਾਨਗੀ ਸੁਨੇਹੇ ਵਿਚ ਆਏ ਮਹਿਮਾਨਾਂ ਦਾ ਖੈਰਮਕਦਮ ਕੀਤਾ। ਮੀਤ ਪ੍ਰਧਾਨ ਪ੍ਰਿੰਸੀਪਲ ਸੰਜੀਵ ਧਵਨ ਜੀ ਅਤੇ ਸਕੱਤਰ ਅਜੀਤ ਸਿੰਘ ਰੱਖੜਾ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਦਿਲਬੀਰ ਸਿੰਘ ਕੰਬੋਜ ਨੇ ਬਰੈਂਪਟਨ ਸ਼ਹਿਰ ਨੂੰ ਸਰਕਾਰ ਵਲੋਂ ਮਿਲਦੀਆ ਅਨੁਪਾਤਨ ਘਟ ਸੁਵੀਧਾਵਾਂ ਬਾਰੇ ਚਰਚਾ ਕੀਤੀ। ਦੀਪਕ ਅਨੰਦ ਅਤੇ ਡੀਪੀ ਸਿੰਘ ਨੇ ਮਿਥੇ ਗਏ ਮੁਦੇ ਦੇ ਪ੍ਰਬੰਧ ਲਈ, ਸੇਵਾਦਲ ਨੂੰ ਮੁਬਾਰਕਬਾਦ ਕਿਹਾ। ਕਾਲੀਆ ਸਹਿਬ ਨੇ ਈਵੈਂਟ ਦੇ ਸਹਿਯੋਗੀਆਂ ਦੇ ਨਾਮ ਲਏ ਅਤੇ ਉਨ੍ਹਾ ਦਾ ਤਹਿ ਦਿਲੋਂ ਧਨਵਾਦ ਕੀਤਾ।

ਇਸ ਵਾਰ ਦੇ ਵਿਸ਼ੇਸ਼ ਮੁਦੇ ਸਕੀਜ਼ੋਫਰੀਨੀਆ ਬਾਰੇ ਜਾਨਣ ਲਈ ਲੋਕਾਂ ਵਿਚ ਬੜੀ ਉਤਸੁਕਤਾ ਸੀ। ਜਦ ਸਕੀਜੋਫਰੀਨੀਆ ਸੁਸਾਇਟੀ ਆਫ ਅੰਟਾਰੀਓ ਵਲੋਂ ਗੋਰੀ ਬੀਬੀ ਐਂਜਲਾ ਨੇ ਅੰਗਰੇਜ਼ੀ ਵਿਚ ਆਪਣਾ ਭਾਸ਼ਨ ਦਿਤਾ ਤਾਂ ਉਸਦੇ ਦੋ ਭਾਸ਼ੀਆ (ਪੰਜਾਬੀ) ਦਾ ਕਾਰਜ ਐਮਸੀ ਬੀਬੀ ਮੋਨਿਕਾ ਨੇ ਬਾਖੂਬੀ ਕੀਤਾ। ਲੋਕਾਂ ਨੇ ਉਸ ਮਾਨਸਿਕ ਬੀਮਾਰੀ ਵਾਰੇ ਐਂਜਲਾ ਨਾਲ ਸਵਾਲ ਜਵਾਬ ਵੀ ਕੀਤੇ। ਦੂਸਰੇ ਯੂਥ ਐਮ ਸੀ ਚਰਿਜੀਵ ਸਿੰਘ ਨੇ ਸੰਪੂਰਣ ਪ੍ਰੋਗਰਾਮ ਦੀ ਬਾਕਮਾਲ ਤਰਤੀਬ ਬਣਾਈ ਰੱਖੀ। ਕਿਸੇ ਵੀ ਸਮੇ ਕੋਈ ਤਰੁਟੀ ਨਜ਼ਰ ਗੋਚਰੇ ਨਹੀਂ ਹੋਈ। ਐਮ ਸੀ ਚਰਿਜੀਵ ਸਿੰਘ ਨੇ ਸੇਵਾਦਲ ਦੀ ਤਰਫੋਂ ਪ੍ਰਿੰਸੀਪਲ ਸੰਜੀਵ ਧਵਨ ਦਾ ਧੰਨਵਾਦ ਕੀਤਾ ਜਿਨਾਂ ਨੇ ਸਕੂਲ ਫਸਿਲਟੀ ਦੀ ਵਰਤੋਂ ਲਈ ਇਜਾਜ਼ਤ ਦਿਤੀ। ਮਨੋਰੰਜਨਵਾਲੇ ਭਾਗ ਵਿਚ ਹਵਾਈਅਨ ਡਾਂਸ ਗਰੁਪ ਨੇ ਤਿੰਨ ਅਤੀ ਰੋਚਕ ਡਾਂਸ ਕੀਤੇ, ਬੀਬੀ ਰਿੰਪੀ ਨੇ ਗੀਤ ਅਤੇ ਬੋਲੀਆਂ ਗਾਈਆਂ, ਜੀਤ ਸਿੰਘ ਨੇ ਕਵਿਤਾ ਪੜੀ ਅਤੇ ਰਜਨੀ ਸ਼ਰਮਾ ਨੇ ਗੀਤ ਗਾਇਆ। ਐਫ ਬੀ ਆਈ ਸਕੂਲ ਦੇ ਬਚਿਆ ਨੇ ਓ ਕਨੇਡਾ ਗਾਇਆ ਅਤੇ ਭੰਗੜਾ ਪਾਇਆ। ਸਾਹਿਬ ਸਿੰਘ ਅਤੇ ਹਰਕੀਰਤ ( ਬਾਬਰਦੀ ਏਅਰ ਕੈਡਿਟਸ) ਨੇ ਕਨੇਡੀਅਨ ਫਲੈਗ ਦੇ ਸਲਿਊਟ ਨਾਲ ਸ਼ੁਰੂਆਤ ਕੀਤੀ। ਸਰਦਾਰ ਗੁਰਬਚਨ ਸਿੰਘ ਛੀਨਾ ਅਤੇ ਇਕਬਾਲ ਕੌਰ ਚੀਨਾ ਨੂੰ ਉਨ੍ਹਾਂ ਦੇ ਗੋਲਡਨ ਮੈਰਿਜ ਐਨਵਰਸਰੀ ਉਪਰ ਗਵਰਨਰ ਜਨਰਲ ਦਾ ਮੁਬਾਰਕ ਬਾਦ ਸੰਦੇਸ਼ ਭੇਂਟ ਕੀਤਾ ਗਿਆ। ਪੀਲ ਪੋਲੀਸ ਵਲੋਂ ਪਹੁੰਚੇ ਬਲਦੀਪ ਸਿੰਘ ਨੇ ਪਡੈਸਟਰੀਅਨ ਕਨੂੰਨ ਬਾਰੇ ਬੜੀਆ ਰੋਚਿਕ ਜਾਣਕਾਰੀਆਂ ਦਿਤੀਆਂ। ਉਸ ਨੇ ਦਸਿਆ ਕਿ ਭਾਵੇ ਪਡੈਸਰੀਅਨ ਸੇਫਟੀ ਬਾਰੇ ਲਾਭ ਦਾਇਕ ਕਨੂੰਨ ਹਨ ਪਰ ਬੜੇ ਘਟ ਲੋਕਾਂ ਨੂੰ ਪਤਾ ਹੈ ਕਿ ਪੈਦਲ ਤੁਰਨ ਵਾਲਿਆ ਦੀ ਗਲਤੀ ਹੋਣ ਲਈ ਟਿਕਟ ਦੇਣ ਦਾ ਵੀ ਕਨੂੰਨ ਹੈ। ਉਨਾਂ ਦਸਿਆ ਕਿ ਕਈ ਬਜ਼ੁਰਗ ਚਲਦੀ ਟਰੈਫਿਕ ਵੇਲੇ ਕੇਵਲ ਆਪਣਾ ਹੱਥ ਖੜਾ ਕਰਕੇ ਸੜਕ ਪਾਰ ਕਰਨ ਦੀ ਕੋਸ਼ਿਸ਼ ਕਰਦੇ ਹਨ ਜੋ ਕਿ ਬਹੁਤ ਹੀ ਕਤਰਨਾਕ ਹੁੰਦਾ ਹੈ।

ਆਏ ਮਹਿਮਾਨਾ ਦਾ 7 ਵੱਖ ਵਖ ਪਦਾਰਥਾ ਦੇ ਬਫੇ ਨਾਲ ਸੁਆਗਤ ਕੀਤਾ ਗਿਆ ਅਤੇ ਉਨ੍ਹਾ ਨੇ ਚੰਗੇ ਅਤੇ ਸੁਆਦੀ ਭੋਜਨ ਦੀ ਸਰਾਹਨਾ ਕੀਤੀ। ਪ੍ਰੋਗਰਾਮ ਦੀ ਸਮਾਪਤੀ ਡਾਕਟਰ ਸੋਹਣ ਸਿੰਘ, ਪ੍ਰਧਾਨ ਕਾਲਡਰ ਸਟੋਨ ਸੀਨੀਅਰ ਕਲੱਬ ਨੇ ਕੀਤੀ ਅਤੇ ਆਖਿਆ ਕਿ ਜਿਸ ਪ੍ਰਕਾਰ ਦੇ ਪ੍ਰਬੰਧ ਸੇਵਾਦਲ ਵਲੋਂ ਕੀਤੇ ਜਾਂਦੇ ਹਨ, ਉਹ ਸੀਨੀਅਰ ਕਲੱਬਾਂ ਵਲੋਂ ਕਿਤੇ ਵੀ ਵੇਖਣ ਵਿਚ ਨਹੀਂ ਆਉਂਦੇ। ਹਰ ਪਹਿਲੂ ਉਪਰ ਬੜੀ ਮਿਹਨਤ ਕੀਤੀ ਹੁੰਦੀ ਹੈ। ਜੋ ਕਮੀ ਇਸ ਵਾਰੀ ਮਹਿਸੂਸ ਕੀਤੀ ਗਈ, ਉਹ ਇਹ ਸੀ ਕਿ ਜਿਨੇ ਲੋਕਾਂ ਦੇ ਪਹੁੰਚਣ ਦਾ ਬੰਦੋਬਸਤ ਕੀਤਾ ਗਿਆ ਸੀ ਉਨੀ ਗਿਣਤੀ ਵਿਚ ਲੋਕ ਹਾਜਰ ਨਹੀਂ ਹੋਏ। ਜੋ ਕਾਰਣ ਪਤਾ ਲਗੇ, ਉਹ ਸਨ ਜਗਾਹ ਬਦਲੀ ਅਤੇ 22 ਜੂਨ ਨੂੰ ਹੋਰ ਬਹੁਤ ਸਾਰੀਆ ਈਵੈਂਟਸ ਦਾ ਬਰੈਨਪਟਨ ਵਿਚ ਹੋਣਾ, ਜਿਸ ਕਾਰਣ ਲੋਕ ਵੰਡੇ ਗਏ। ਫਿਰ ਵੀ ਗਿਣਤੀ ਕਾਫੀ ਸੀ।

# 12ਵਾਂ ਸਾਲਾਨਾ ਪੇਰੇਂਟਸ ਡੇ ਸਮਾਗਮ ਸਫਲ ਰਿਹਾ





(ਹਰਭਗਵਾਨ ਮੱਕੜ): ਹਰ ਸਾਲ ਵਾਂਗ ਇਸ ਵਾਰ ਵੀ ਬੀਤੇ ਬੁੱਧਵਾਰ ਨਿਊ ਹੋਪ ਸੀਨੀਅਰ ਸਿਟੀਜ਼ਨ ਆਫ ਬ੍ਰਹਮਟਨ ਦਾ ਗੋਰ ਮੀਡੋ ਕਮਿਉਨਿਟੀ ਸੈਂਟਰ ਵਿਚ 12ਵਾਂ ਸਾਲਾਨਾ ਸਮਾਗਮ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ਼ ਸੰਪੰਨ ਹੋਇਆ।ਇਹ ਸਮਾਗਮ ਵਡੇਰੀ ਉਮਰ ਦੇ ਮਾਪਿਆ ਲਈ ਤੰਦਰੁਸਤ ਤੇ ਪਰਸੰਨ ਜੀਵਨ ਜਿਉਣ ਲਈ ਪਰਮਾਤਮਾ ਅੱਗੇ ਪ੍ਰਾਰਥਨਾ ਕਰਨ, ਨਵੀਂ ਪੜ੍ਹੀ ਦੇ ਗੱਭਰੂਆਂ ਨੂੰ ਮਾਪਿਆਂ ਦੇ ਦਿੱਤੇ ਉੱਤਮ ਸੰਸਕਾਰਾਂ ਲਈ ਮਾਪਿਆਂ ਦੀ ਕਦਰ ਕਰਨ ਤੇ ਸੇਵਾ ਕਰਨ, ਚੰਗੇ ਸਮਾਜ ਦੀ ਸਿਰਜਣਾ ਲਈ ਚੰਗੇ ਨਾਗਰਕ ਬਣਨ, ਸੇਵਾ-ਭਾਵੀ, ਮਿਹਨਤੀ ਤੇ ਲਾਇਕ ਬਣਨ ਦੀ ਪ੍ਰੇਰਨਾ ਕਰਨ ਦੇ ਉਪਰਾਲੇ ਵਜੋਂ ਰਚਿਆ ਗਿਆ। ਪ੍ਰਬੰਧਕਾਂ ਵੱਲੋਂ ਕਮਿਉਨਿਟੀ ਦੇ ਵਿਸ਼ੇਸ਼ ਮਹਾਨ ਹਸਤੀਆਂ ਲਈ ਬਹੁਤ ਰੀਝ ਨਾਲ਼ ਕੁਰਸੀਆਂ ਸਜਾਈਆਂ ਗਈਆਂ। ਇੰਨ੍ਹਾਂ ਵਿਚਾਲੇ ਸਟੇਜ ਸਜਾਈ ਗਈ। ਵਿਸ਼ਾਲ ਹਾਲ ਵਿਚ ਦਰਸ਼ਕਾਂ ਲਈ ਦੋ ਸੌ ਕੁਰਸੀਆਂ ਲਗਾਈਆਂ ਗਈਆਂ। ਜੋ ਸਾਰੀਆਂ ਭਰੀਆਂ ਹੋਈਆਂ ਸਨ। ਕੁਝ ਖੜ੍ਹੇ ਵੀ ਸਨ।

ਅਰੰਭ ਵਿਚ ਕਲੱਬ ਦੇ ਪ੍ਰਧਾਨ ਅਤੇ ਸਟੇਜ ਦੇ ਸੰਚਾਲਕ ਸ਼ੰਭੂ ਦੱਤ ਸ਼ਰਮਾ ਨੇ ਸਰਬੱਤ ਦਾ ਸੁਆਗਤ ਕੀਤਾ ਤੇ ਜੀਆਇਆਂ ਆਖਿਆ। ਕਾਰਵਾਈ ਦੇ ਮੁੱਢ ਵਿਚ ਕਨੇਡਾ ਅਤੇ ਭਾਰਤ ਦੇ ਰਾਸ਼ਟਰੀ ਗੀਤਾਂ ਦਾ ਗਾਇਨ ਕੀਤਾ ਗਿਆ। ਸਟੇਜ ਦੀ ਅਗਲੀ ਕਾਰਵਾਈ ਜੈਕ ਧੀਰ (ਰੌਜਰਸ) ਨੇ ਸੁਚੱਜੇ ਢੰਗ ਨਾਲ਼ ਨਿਭਾਈ। ਇਸ ਸਮਾਗਮ ਦੀ ਸਫਲਤਾ ਲਈ ਤਨ ਮਨ ਧਨ ਨਾਲ਼ ਸਹਾਇਤਾ ਕਰਨ ਵਾਲੇ ਮਧੂ ਸੂਦਨ ਲਾਮਾ ਦੇ ਸਯੋਗ ਸਪੁੱਤਰ ਵਿਸ਼ਾਲ ਲਾਮਾ ਦੇ 37ਵੇਂ ਜਨਮ ਦਿਨ ਦੀ ਖੁਸ਼ੀ ਵਿਚ ਕੇਕ ਕੱਟਣ ਦੀ ਰਸਮ ਕੀਤੀ ਗਈ। ਇਸ ਪਿੱਛੋਂ ਸਮਾਗਮ ਵਿਚ ਪਹੁੰਚੇ ਸਰਬੱਤ ਪਤਵੰਤਿਆਂ ਲਈ ਚਾਹ ਪਾਣੀ ਤੇ ਸਨੈਕਸ ਦੁਆਰਾ ਸੇਵਾ ਕੀਤੀ ਗਈ।

ਸਟੇਜ 'ਤੇ ਸਸ਼ੋਭਤ ਹੋਣ ਵਾਲੇ ਅਤੇ ਕਲੱਬ ਵੱਲੋਂ ਸਨਮਾਨਤ ਕੀਤੇ ਜਾਣ ਵਾਲੇ ਪਤਵੰਤੇ ਸਨ: ਰਾਕੇਸ਼ ਜੋਸ਼ੀ (ਲਾਅ ਆਫਸ), ਸਤੀਸ਼ ਠੱਕਰ, ਜੈਗ ਬਡਵਾਲ, ਗੁਰਦੇਵ ਸਿੰਘ ਮਾਨ, ਪੂਰਨ ਸਿੰਘ ਪਾਂਧੀ, ਡਾਕਟਰ ਰਣਬੀਰ ਸ਼ਾਰਦਾ (ਹੋਮਿਓਪੈਥ) ਮੇਜਰ ਨੱਤ, ਨਵਲ ਬਜਾਜ, ਮਮਨ ਗੁਪਤਾ (ਰੋਡ ਟੂ ਡੇ) ਕਸ਼ਮੀਰੀ ਲਾਲ (ਸਵੈਨ ਪ੍ਰੈਸ) ਅਮਨ ਪ੍ਰੀਤ ਮਾਨ, ਲਿਜ਼ਵੈਨ ਅਸਿੰਘਾ ਆਦਿ।

ਕਲੱਬ ਵੱਲੋਂ 12ਵਾਂ ਸਾਲਾਨਾ ਸਮਾਗਮ ਵਿਚ ਸਨਮਾਨਤ ਕੀਤੇ ਜਾਣ ਵਾਲੇ ਪਤਵੰਤਿਆਂ ਵਿਚਸ਼ਾਮਲ ਸਨ: ਗਰੈਂਡ ਇੰਪਾਇਰ ਬੈਂਕੁਟ ਹਾਲ ਦੇ ਮਾਲਕ ਹਰਬੰਸ ਸਿੰਘ ਸਿੱਧੂ ਦੀ ਪਤਨੀ ਸਰਦਾਰਨੀ ਗੁਰਦੇਵ ਕੌਰ, ਸਮੋਸਾ ਸਵੀਟ ਫੈਕਟਰੀ ਦੇ ਮਾਲਕ ਹਰਪਾਲ ਸਿੰਘ ਸੰਧੂ ਦੇ ਮਾਤਾ ਹਰਬੰਸ ਕੌਰ, ਪਾਪੂਲਰ ਟਾਇਰ ਦੇ ਮਾਲਕ ਸ੍ਰੀ ਦਿਲਜੀਤ ਸਿੰਘ ਦੇ ਪਿਤਾ ਸ. ਮੋਹਿੰਦਰ ਸਿੰਘ ਭਾਨਾ, ਜਗਜੀਤ ਟੈਕਸਟਾਈਲਦੇ ਮਾਲਕ ਸ੍ਰੀ ਸੁਖਦੇਵ ਸਿੰਘ ਦੇ ਮਾਤਾ ਜੀ ਤੇਜ ਕੌਰ, ਸ੍ਰੀ ਸਤੀਸ਼ ਠੱਕਰਦੀ ਮਾਤਾ ਕ੍ਰਿਸ਼ਨਾ ਰਾਣੀ, ਪਰਾਈਮ ਏਸ਼ੀਆ ਤੋਂ ਨਿਤਨ ਚੋਪੜਾ ਦੇ ਮਾਤਾ ਸ੍ਰੀ ਕੁਸਮ ਚੋਪੜਾ, ਇਸ ਕਲੱਬ ਦੇ ਸਭ ਤੋਂ ਵਡੇਰੀ ਆਯੂ ਦੇ ਮਾਲਕ ਰੀਟਾਇਰਡ ਡੀ. ਈ. ਓ.ਸ੍ਰੀ ਮਦਨ ਮੋਹਨ ਸੈਣੀ ਅਤੇ ਬ੍ਰਹਮਟਨ ਸੀਨੀਅਰਜ਼ ਕੌਂਸਲ ਦੇ ਪ੍ਰਧਾਨ ਮਾਈਰਨਾ ਐਡਮ ਆਦਿ ਸਨਮਾਨਤ ਕੀਤੇ ਗਏ। ਕਲੱਬ ਦੇ ਹਰ ਮੈਂਬਰ ਨੂੰ ਅਤੇ ਇਸ ਸਮਾਗਮ ਵਿਚ ਪਹੁੰਚੇ ਸਮੂਹ ਹਾਜ਼ਰੀਨ ਨੂੰ ਇੱਕ ਇੱਕ ਸ਼ਰਟ, ਲੇਡੀਜ਼ ਨੂੰ ਕੀਮਤੀ ਸ਼ਾਲ, ਸਾੜ੍ਹੀਆਂ ਅਤੇ ਲੋਈਆਂ ਦੁਆਰਾ ਸਨਮਾਨਤ ਕੀਤਾ ਗਿਆ।

ਸਮਾਗਮ ਦੇ ਮਾਨਯੋਗ ਬੁਲਾਰੇ ਸਨ: ਮੁਰਾਰੀ ਲਾਲ ਥਪਾਲੀਅਨ, ਪਵਨਜੀਤ ਗੋਸਲ, ਅਰਪਨ ਖੰਨਾ, ਸਤੀਸ਼ ਠੱਕਰ, ਨਵਲ ਬਜਾਜ, ਰਾਕੇਸ਼ ਜੋਸ਼ੀ, ਡਾ.ਰਣਬੀਰ ਸ਼ਾਰਧਾ ਆਦਿ। ਗਾਇਕੀ ਦੁਆਰਾ ਰੰਗ ਬੰਨ੍ਹਣ ਵਾਲੇ ਸਨ: ਡਾ. ਗੁਰੂਦੱਤ ਵੈਦ, ਸ੍ਰੀਮਤੀ ਸੁਨੀਤਾ ਵਰਮਾਨੀ, ਊਸ਼ਾ ਸ਼ਰਮਾ, ਲਖਵੀਰ ਸਿੰਘ ਕਾਹਲੋਂ ਆਦਿ।

ਇਸ ਸਮਾਗਮ ਵਿਚ ਹਾਜ਼ਰ ਹੋਣ ਵਾਲੇ ਕਲੱਬ ਦੇ ਸਯੋਗ ਮੈਬਰ ਤੇ ਪ੍ਰਬੰਧਕ ਸਨ: ਸਰਵ ਹਰਭਗਵਾਨ ਮੱਕੜ, ਪਰਫੁਲ ਭਵਸਾਰ, ਰਾਮਮੂਰਤੀ ਜੋਸ਼ੀ, ਭੀਮ ਸੈਨ ਕਾਲੀਆ, ਕ੍ਰਿਸ਼ਨ ਕੁਮਾਰ ਸਲਵਾਨ, ਰਾਮ ਰਛਪਾਲ ਸ਼ਰਮਾ, ਰਾਜਿੰਦਰ ਸਿੰਘ ਸਰਾਂ, ਰਾਮ ਪ੍ਰਕਾਸ਼ਪਾਲ, ਦਲੀਪ ਕੁਮਾਰ ਪਾਰਿਖ, ਸੁਭਾਸ਼ ਸ਼ਰਮਾ, ਸਨੀਤਾ ਵਰਬਾਨੀ ਆਦਿ। ਅੰਤ ਵਿਚ ਕਲੱਬ ਦੇ ਪ੍ਰਧਾਨ ਸ਼ੰਭੂ ਦੱਤ ਸ਼ਰਮਾ ਜੀ ਵੱਲੋਂ ਇਸ ਸਮਾਗਮ ਦੀ ਸਫਲਤਾ ਲਈ ਮੁਬਾਰਕਬਾਦ ਅਤੇ ਸਰਬੱਤ ਦਾ ਧੰਨਵਾਦ ਕੀਤਾ ਗਿਆ। ਹੋਰ ਜਾਣਕਾਰੀ ਲਈ ਸ਼ੰਭੂ ਦੱਤ ਸ਼ਰਮਾ ਜੀ ਦਾ ਸੰਪਰਕ ਨੰਬਰ ਹੈ: 416-629-5114, 647-707-7297

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ

ਕਰਤਾਰ ਫਰਨੀਚਰ




- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੈਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20 Etobicoke ON, M9V 3Y6



# ਸੰਪਾਦਕੀ

## ਕੀ ਕਿਉਬਿੱਕ ਦਾ 'ਬਿੱਲ 21'ਕਰ ਰਿਹਾ ਹੈ ਮਖੌਟਿਆਂ ਦੇ ਪਰਦਾਫਾਸ?

ਕਿਉਬਿੱਕ ਅਸੈਂਬਲੀ ਵੱਲੋਂ ਬੀਤੇ ਦਿਨੀਂ ਪਾਸ ਕੀਤੇ ਗਏ 'ਬਿੱਲ 21'ਨੇ ਜਿੱਥੇ ਉਸ ਪ੍ਰੋਵਿੰਸ ਵਿੱਚ ਵੱਸਣ ਵਾਲੇ ਘੱਟ ਗਿਣਤੀ ਭਾਈਚਾਰਿਆਂ ਲਈ ਕਸੂਤੀ ਸਥਿਤੀ ਪੈਦਾ ਕਰ ਦਿੱਤੀ ਹੈ, ਉੱਥੇ ਕੈਨੇਡਾ ਭਰ ਦੇ ਸਿਆਸਤਦਾਨਾਂ ਵਾਸਤੇ ਇਹ ਬਿੱਲ 'ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ'ਸਾਬਤ ਹੋ ਰਿਹਾ ਹੈ। ਵਰਨਣਯੋਗ ਹੈ ਕਿ ਪਾਸ ਕੀਤੇ ਗਏ ਬਿੱਲ ਮੁਤਾਬਕ ਜਿਹੜੇ ਲੋਕ ਧਾਰਮਿਕ ਚਿੰਨ (ਦਸਤਾਰ, ਹਿਜਾਬ ਜਾਂ ਕਿੱਪਾ ਆਦਿ) ਪਹਿਨਦੇ ਹਨ, ਉਹਨਾਂ ਨੂੰ ਬਿੱਲ ਪਾਸ ਹੋਣ ਤੋਂ ਬਾਅਦ ਸਰਕਾਰੀ ਨੌਕਰੀਆਂ ਉੱਤੇ ਨਹੀਂ ਲਾਇਆ ਜਾ ਸਕੇਗਾ। ਧਾਰਮਿਕ ਚਿੰਨ ਪਹਿਨਣ ਵਾਲੇ ਜਿਹੜੇ ਲੋਕ ਪਹਿਲਾਂ ਹੀ ਨੌਕਰੀਆਂ ਕਰ ਰਹੇ ਹਨ, ਉਹਨਾਂ ਨੂੰ ਤਰੱਕੀਆਂ ਨਹੀਂ ਦਿੱਤੀਆਂ ਜਾਣਗੀਆਂ। ਕਿਉਬਿੱਕ ਵਿੱਚ ਇੱਕ ਕਿਸਮ ਨਾਲ ਧਾਰਮਿਕ ਵਿਭਿੰਨਤਾ ਅਤੇ ਸਹਿਸ਼ੀਲਤਾ ਦਾ ਭੋਗ ਹੀ ਪੈ ਗਿਆ ਹੈ।

ਚਿੰਤਾਜਨਕ ਗੱਲ ਹੈ ਕਿ ਬੀਤੇ ਦਿਨ Angus Reid ਵੱਲੋਂ ਕਰਵਾਏ ਗਏ ਇੱਕ ਸਰਵੇਖਣ ਮੁਤਾ-ਬਕ ਕਿਉਬਿੱਕ ਦੇ 64% ਲੋਕ ਬਿੱਲ 21 ਦਾ ਸਮਰੱਥਨ ਕਰਦੇ ਹਨ। 43% ਕਿਉਬਿੱਕ ਵਾਸੀਆਂ ਦਾ ਖਿਆਲ ਹੈ ਕਿ ਜਿਹੜੇ ਲੋਕ ਧਾਰਮਿਕ ਚਿੰਨ ਪਹਿਨ ਕੇ ਪਹਿਲਾਂ ਹੀ ਕਿਉਬਿੱਕ ਵਿੱਚ ਨੌਕਰੀਆਂ ਕਰ ਰਹੇ ਹਨ, ਜੇ ਉਹ ਇਸ ਕਾਨੂੰਨ ਦੀ ਪਾਲਣਾ ਨਹੀਂ ਕਰਦੇ ਤਾਂ ਉਹਨਾਂ ਨੂੰ ਬਰਖਾਸਤ ਕਰ ਦਿੱਤਾ ਜਾਣਾ ਚਾਹੀਦਾ ਹੈ। ਇਸਦਾ ਭਾਵ ਹੈ ਕਿ ਬਿੱਲ 21 ਪਾਸ ਕਰਕੇ ਕਿਉਬਿੱਕ ਦੇ ਸਿਆਸਤਦਾਨ ਉਹੀ ਕਰ ਰਹੇ ਹਨ ਜਿਸ ਨਾਲ ਵੋਟਾਂ ਪੱਕੀਆਂ ਹੁੰਦੀਆਂ ਹਨ। ਕੀ ਰਾਜ ਸੱਤਾ ਦਾ ਰੋਲ ਬਹੁ-ਗਿਣਤੀ ਦੀਆਂ ਭਾਵਨਾਵਾਂ ਉੱਤੇ ਫੁੱਲ ਚੜਾਉਣਾ ਹੁੰਦਾ ਹੈ ਜਾਂ ਘੱਟ ਗਿਣਤੀ ਦੇ ਹੱਕਾਂ ਨੂੰ ਮਹਿਫੂਜ਼ ਰੱਖਣ ਲਈ ਰਾਜ ਸੱਤਾ ਨੂੰ ਵਰਤਣਾ ਹੁੰਦਾ ਹੈ। ਰਾਜ ਸੱਤਾ ਬਹੁ-ਗਿਣਤੀ ਲੋਕਾਂ ਵਾਸਤੇ ਨਹੀਂ ਸਗੋਂ ਬਹੁ-ਗਿਣਤੀ ਦੁਆਰਾ ਚੁਣੇ ਜਾਣ ਤੋਂ ਬਾਅਦ ਸੱਭਨਾਂ ਦੇ ਹਿਤ ਵਿੱਚ ਕੰਮ ਕਰਨ ਲਈ ਵਰਤੀ ਜਾਣੀ ਹੁੰਦੀ ਹੈ।

ਇਸ ਮੁੱਦੇ ਉੱਤੇ ਫੈਡਰਲ ਸਿਆਸਤਦਾਨਾਂ ਵੱਲੋਂ ਅਪਣਾਇਆ ਰੁਖ ਚਿੰਤਾਜਨਕ ਹੈ। ਮਿਸਾਲ ਵਜੋਂ ਕੈਨੇਡਾ ਨੂੰ ਸਾਊਦੀ ਅਰਬੀਆ, ਚੀਨ, ਭਾਰਤ ਅਤੇ ਹੋਰ ਮੁਲਕਾਂ ਵਿੱਚ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਂ ਬਾਰੇ ਗੱਲ ਕਰਨ ਵੇਲੇ ਕੋਈ ਫਿਕਰ-ਫਾਕਾ ਨਹੀਂ ਹੁੰਦਾ ਪਰ ਐਨ ਸਾਡੇ ਨੱਕ ਥੱਲੇ ਜੋ ਵਾਪਰ ਰਿਹਾ ਹੈ, ਉਸ ਬਾਰੇ ਗੱਲਾਂ ਘੁਸਰ ਮੁਸਰ ਤੋਂ ਅੱਗੇ ਨਹੀਂ ਤੁਰ ਰਹੀਆਂ। ਦੁਖਦਾਈ ਹੈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੱਸ ਐਨਾ ਆਖਣਾ ਕਿ ਅਸੀਂ ਕੋਸ਼ਿਸ਼ ਕਰਾਂਗੇ ਕਿ ਸਾਡੀ ਆਵਾਜ਼ ਕਿਉਬਿੱਕ ਤੱਕ ਪੁੱਜੇ।




ਕੰਜ਼ਰਵੇਟਿਵ ਲੀਡਰ ਐਂਡਰੀਊ ਸ਼ੀਅਰ ਤੋਂ ਐਨਾ ਵੀ ਨਹੀਂ ਸਰਿਆ ਕਿ ਬਿੱਲ 21 ਦੀ ਖੁੱਲ ਕੇ ਨਿੰਦਾ ਹੀ ਕਰ ਦੇਵੇ। ਬਹੁਤ ਦੱਬਵੀਂ ਜਿਹੀ ਸੁਰ ਵਿੱਚ ਉਸਨੇ ਬੱਸ ਐਨਾ ਕਿਹਾ ਹੈ ਕਿ ਸਾਡੀ ਸਰਕਾਰ ਅਜਿਹਾ ਕਦੇ ਵੀ ਨਹੀਂ ਕਰੇਗੀ? ਕੀ ਉਹ ਸੋਚਦੇ ਹਨ ਕਿ ਪੱਧਰ ਉੱਤੇ ਕੈਨੇਡੀਅਨ ਪਬਲਿਕ ਕਿਸੇ ਸਰਕਾਰ ਨੂੰ ਅਜਿਹਾ ਕਰਨ ਦਾ ਇਜ਼ਾਜਤ ਦੇਵੇਗੀ?

ਐਨ ਡੀ ਪੀ ਲੀਡਰ ਜਗਮੀਤ ਸਿੰਘ ਨੇ ਜਰੂਰ ਇਸ ਮੁੱਦੇ ਉੱਤੇ ਖੁੱਲ ਕੇ ਗੱਲ ਕੀਤੀ ਹੈ ਪਰ ਕੀ ਉਹ ਇਸ ਸੁਰ ਨੂੰ ਫੈਡਰਲ ਚੋਣਾਂ ਤੱਕ ਕਾਇਮ ਰੱਖ ਸੱਕਣਗੇ, ਖਾਸ ਕਰਕੇ ਇਸ ਸੰਭਾਵਨਾ ਦੇ ਮੱਦੇਨਜ਼ਰ ਕਿ ਐਨ ਡੀ ਪੀ ਨੂੰ ਕਿਉਬਿੱਕ ਵਿੱਚੋਂ ਸੀਟਾਂ ਮਿਲਣ ਦੇ ਆਸਾਰ ਬਣੇ ਰਹਿੰਦੇ ਹਨ। ਪਰ ਉਹਨਾਂ ਦੀ ਟਰੂਡੋ ਅਤੇ ਸ਼ੀਅਰ ਨਾਲੋਂ ਆਵਾਜ਼ ਬੁਲੰਦ ਰਹੀ ਹੈ।

ਵਰਲਡ ਸਿੱਖ ਆਰਗੇਨਾਈਜ਼ੇਸ਼ਨ (WSO) ਦੇ ਇਸ ਸਟੈਂਡ ਨਾਲ ਸਹਿਮਤ ਹੋਣਾ ਬਣਦਾ ਕਿ ਪ੍ਰਧਾਨ ਮੰਤਰੀ ਟਰੂਡੋ ਅਤੇ ਕੰਜ਼ਰਵੇਟਿਵ ਲੀਡਰ ਸ਼ੀਅਰ 'ਆਪਣੇ ਬੈਕਯਾਰਡ'ਦੀ ਸਫ਼ਾਈ ਵੱਲ ਧਿਆਨ ਦੇਣੋਂ ਖੁੰਝੇ ਹਨ। ਬਿੱਲ 21 ਉਹਨਾਂ ਲੋਕਾਂ ਦੇ ਮੂੰਹ ਉੱਤੇ ਵੀ ਚਪੇੜ ਹੈ ਜਿਹੜੇ ਆਪਣੇ ਖਾੜਕੂ ਏਜੰਡੇ ਨੂੰ ਸਿੱਧ ਕਰਨ ਲਈ ਕਿਉਬਿੱਕ ਦੇ ਵੱਖਵਾਦੀ ਸੁਭਾਅ ਦੀ ਸਰਾਹਨਾ ਕਰਨ ਤੋਂ ਥੱਕਦੇ ਨਹੀਂ ਹੁੰਦੇ। ਹੁਣ ਕੀ ਸੋਚ ਹੋਵੇਗੀ ਉਹਨਾਂ ਦੀ ਜਿਹਨਾਂ ਦੇ ਦਿਲਾਂ ਵਿੱਚ ਕਿਉਬਿੱਕ ਦੀ ਵੱਖਵਾਦੀ ਸੁਰ ਮਿੱਠੀ ਤਾਰ ਬਣ ਕੇ ਵੱਜਦੀ ਹੁੰਦੀ ਹੈ?

ਫੇਰ ਉਹਨਾਂ ਬਾਰੇ ਕੀ ਆਖਿਆ ਜਾਵੇ ਜਿਹੜੇ ਆਪਣੀ ਲੀਡਰਸ਼ਿੱਪ ਚਮਕਾਉਣ ਲਈ ਅਜਿਹੇ ਮੁੱਦੇ ਉੱਤੇ 'ਵਹਿੰਦੀ ਗੰਗਾ'ਵਿੱਚ ਹੱਥ ਧੋਣ ਨੂੰ ਸਿਆਸੀ ਮੁਕਤੀ ਦਾ ਰਾਹ ਸਮਝਦੇ ਹਨ। ਪੀਲ ਪੁਲੀਸ ਸਰਵਿਸਜ਼ ਬੋਰਡ ਦੇ ਕੁੱਝ ਸਿਆਸੀ ਮੈਂਬਰਾਂ ਵੱਲੋਂ ਇੱਕ ਮਤਾ ਪਾਸ ਕਰਵਾਇਆ ਗਿਆ ਕਿ ਕਿਉਬਿੱਕ ਵਿੱਚ ਬਿੱਲ 21 ਤੋਂ ਦੁਖੀ ਲੋਕ ਪੀਲ ਪੁਲੀਸ ਵਿੱਚ ਨੌਕਰੀ ਕਰਨ ਲਈ ਅਰਜ਼ੀਆਂ ਦੇ ਸਕਦੇ ਹਨ। ਇਸ ਵਾਸਤੇ ਇੱਕ ਵੀ ਸੀਟ ਰਾਖਵੀਂ ਨਹੀਂ ਰੱਖੀ ਗਈ ਹੈ ਬੱਸ ਗੱਲਾਂ ਦਾ ਕੜਾਹ ਛਕਾਉਣ ਦਾ ਉੱਦਮ ਹੈ। ਬਰੈਂਪਟਨ ਮੇਅਰ ਪੈਟਰਿਕ ਬਰਾਊਨ ਨੇ ਇਸ ਮਤੇ ਨੂੰ ਪਰਵਾਨਗੀ ਦੇਣ ਵਿੱਚ ਵੱਡਾ ਰੋਲ ਅਦਾ ਕੀਤਾ ਹੈ। ਉਸਦੀ ਮੇਅਰਸ਼ਿੱਪ ਵਿੱਚ ਬਰੈਂਪਟਨ ਸਿਟੀ ਵੱਲੋਂ ਕੱਲ ਭਾਵ 25 ਜੂਨ ਨੂੰ ਪੀਲ ਪੁਲੀਸ ਵਰਗਾ ਮਤਾ ਪਾਸ ਕੀਤੇ ਜਾਣ ਦੀ ਸੰਭਾਵਨਾ ਹੈ। ਬਿਨਾਂ ਕਿਸੇ ਵਿਸ਼ੇਸ਼ ਸਹੂਲਤ ਤੋਂ ਕੁੱਕੜ ਵਾਂਗਾਂ ਦੇਣ ਦਾ ਕੀ ਲਾਭ? 'ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆਏ' ਕਹਾਵਤ ਕਿਸੇ ਨੇ ਤਾਂ ਸੱਚ ਕਰਨੀ ਹੋਈ!

ਇਸ ਬਿੱਲ ਬਾਰੇ ਸੁਆਲ ਮੈਂਬਰ ਪਾਰਲੀਮੈਂਟ ਇਕਰਾ ਖਾਲਿਦ ਅਤੇ ਉਸਦੇ ਸਮਰੱਥਕ ਐਮ ਪੀਆਂ ਨੂੰ ਵੀ ਕਰਨਾ ਬਣਦਾ ਹੈ ਜਿਹੜੇ ਪਾਰਲੀਮੈਂਟ ਵਿੱਚ ਸਿਰਫ਼ ਇੱਕ ਮਜ਼ਹਬ ਬਾਰੇ ਗੱਲ ਚੁੱਕਣ ਨੂੰ ਕਮਿਊਨਿਟੀ ਸੇਵਾ ਸਮਝਦੇ ਹਨ। ਕੀ ਕਿਉਬਿੱਕ ਦਾ ਬਿੱਲ 21 ਇਸ ਗੱਲ ਦਾ ਸਬੂਤ ਨਹੀਂ ਹੈ ਕਿ ਮਜ਼ਹਬੀ ਤਅਸੱਬ ਜਾਂ ਨਸਲਵਾਦ ਮੁਸਲਮਾਨਾਂ, ਸਿੱਖਾਂ, ਹਿੰਦੂਆਂ, ਇਸਾਈਆਂ ਸਮੇਤ ਹਰ ਕੈਨੇਡੀਅਨ ਲਈ ਬਰਾਬਰ ਦਾ ਖਤਰਾ ਹੈ।

## ਸਵਿਟਜ਼ਰਲੈਂਡ ਵਿੱਚ 15 ਲੱਖ ਔਰਤਾਂ ਸੜਕਾਂ ਉੱਤੇ ਉਤਰੀਆਂ

### * ਆਪਣੇ ਅੰਡਰ ਗਾਰਮੈਂਟਸ ਸਾੜ ਕੇ ਵਿਰੋਧ ਪ੍ਰਗਟ ਕੀਤਾ

ਜੈਨੇਵਾ, 24 ਜੂਨ, (ਪੋਸਟ ਬਿਊਰੋ)- ਸਵਿਟਜ਼ਰਲੈਂਡ ਵਿੱਚਇੱਕੋ ਵੇਲੇ 15 ਲੱਖ ਔਰਤਾਂ ਨੇ ਸੜਕਾਂ ਉੱਤੇ ਉੱਤਰਦੇ ਹੋਏ ਇੱਕ ਅਨੋਖਾ ਰੋਸ ਪ੍ਰਦਰਸ਼ਨ ਕੀਤਾ ਹੈ। ਇਨ੍ਹਾਂ ਔਰਤਾਂ ਨੇ ਆਪਣੇ ਅੰਡਰ ਗਾਰਮੈਂਟਸ ਸਾੜਕੇ ਆਪਣੇ ਖਿਲਾਫ ਭੇਦਭਾਵ ਅਤੇ ਅਤਿਆਚਾਰ ਕੀਤੇ ਜਾਣ ਦਾ ਵਿਰੋਧ ਪ੍ਰਗਟਾਇਆ ਹੈ।

ਵਰਨਣ ਯੋਗ ਹੈ ਕਿ ਇਹ ਔਰਤਾਂ ਲਿੰਗਕ ਨਾ-ਬਰਾਬਰੀ, ਆਪਣੇ ਦਫਤਰਾਂ ਵਿੱਚਹੁੰਦੇ ਵਿਤਕਰੇ ਅਤੇ ਦਫਤਰਾਂ ਵਿੱਚ ਬਰਾਬਰ ਤਨਖਾਹ ਦੇ ਨਾਲ ਬਰਾਬਰ ਮੌਕੇ ਦੀ ਮੰਗ ਲਈ ਪ੍ਰਦਰਸ਼ਨ ਕਰ ਰਹੀਆਂ ਸਨ। ਇਕ ਰਿਪੋਰਟ ਦੇ ਮੁਤਾਬਕ ਸਵਿਟਜ਼ਰਲੈਂਡ ਵਿੱਚ ਔਰਤਾਂ ਨੂੰ ਮਰਦਾਂ ਦੇ ਮੁਕਾਬਲੇ ਕਰੀਬ 20 ਫੀਸਦੀ ਘੱਟ ਤਨਖਾਹ ਮਿਲਦੀ ਹੈ। ਭਾਰਤ ਤੇ ਦੁਨੀਆਦੇ ਕਈ ਹੋਰ ਦੇਸ਼ਾਂ ਵਿੱਚ ਔਰਤਾਂ ਨੂੰ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂਤੋਂ ਲੰਘਣਾ ਪੈਂਦਾ ਹੈ। ਇਨ੍ਹਾਂ ਵਿੱਚ ਸਵਿਟਜ਼ਰਲੈਂਡ ਵੀ ਸ਼ਾਮਲ ਹੈ। ਆਪਣੇ ਅਧਿਕਾਰਾਂ ਤੇ ਆਪਣੇ ਉੱਪਰ ਹੁੰਦੀ ਹਿੰਸਾ ਦੇ ਖਿਲਾਫ ਇਥੇ ਲੱਗਭਗ 15 ਲੱਖ ਔਰਤਾਂ ਸੜਕ ਉੱਤੇ ਉਤਰੀਆਂ ਹਨ। ਔਰਤਾਂ ਦੇ ਖਿਲਾਫ ਸੈਕਸ ਹਿੰਸਾ ਤੇ ਗੈਰ-ਬਰਾਬਰੀ ਦੇਪੱਖ ਤੋਂ ਸਵਿਟਜ਼ਰਲੈਂਡ ਦਾ ਦੁਨੀਆ ਵਿੱਚ 9ਵਾਂ ਸਥਾਨ ਹੈ। ਸਵਿਟਜ਼ਰਲੈਂਡ ਦੀਆਂ ਔਰਤਾਂ ਨੇ ਆਪਣੇ ਉੱਤੇ ਹੁੰਦੇ ਸੈਕਸ ਸ਼ੋਸ਼ਣ ਅਤੇ ਹਿੰਸਾ ਦੇ ਖਿਲਾਫ ਮਾਰਚ ਕੱਢਿਆ ਅਤੇ ਸੜਕਾਂ ਉੱਤੇ ਆਣ ਕੇ ਅੰਡਰ ਗਾਰਮੈਂਟਸ ਸਾੜੇ ਹਨ।




## ਡਾਊਨਟਾਊਨ ਟੋਰਾਂਟੋ ਪਹੁੰਚੀ ਪ੍ਰਾਈਡ ਪਰੇਡ ਵਿੱਚ ਟਰੂਡੋ ਸਮੇਤ ਕਈ ਐਮਪੀਜ਼ ਨੇ ਲਿਆ ਹਿੱਸਾ

...ਪੰਨਾ 1 ਦਾ ਬਾਕੀ

ਉਨ੍ਹਾਂ ਇਹ ਆਖਿਆ ਸੀ ਕਿ ਉਹ ਪਰੇਡ ਵਿੱਚ ਇਸ ਲਈ ਹਿੱਸਾ ਨਹੀਂ ਲੈਣਗੇ ਕਿਉਂਕਿ ਲਗਾਤਾਰ ਤੀਜੇ ਸਾਲ ਵਰਦੀਧਾਰੀ ਪੁਲਿਸ ਅਧਿਕਾਰੀਆਂ ਨੂੰ ਪਰੇਡ ਵਿੱਚ ਸ਼ਾਮਲ ਨਹੀਂ ਹੋਣ ਦਿੱਤਾ ਗਿਆ। ਪਹਿਲੀ ਵਾਰੀ ਵਰਦੀਧਾਰੀ ਪੁਲਿਸ ਅਧਿਕਾਰੀਆਂ ਦੇ 2017 ਵਿੱਚ ਪਰੇਡ ਵਿੱਚ ਹਿੱਸਾ ਲੈਣ ਉੱਤੇ ਰੋਕ ਲਾਈ ਗਈ ਸੀ। ਇਸ ਤੋਂ ਬਾਅਦ ਸਿਟੀ ਦੀ ਗੇਅ ਵਿਲੇਜ ਤੋਂ ਲਾਪਤਾ ਹੋਣ ਵਾਲੇ ਅੱਠ ਵਿਅਕਤੀਆਂ ਦੇ ਲਾਪਤਾ ਹੋਣ ਦੇ ਮਾਮਲੇ ਨੂੰ ਗੰਭੀਰਤਾ ਨਾਲ ਨਾ ਲੈਣ ਕਾਰਨ ਪੁਲਿਸ ਦੀ ਨੁਕਤਾਚੀਨੀ ਕਰਦਿਆਂ ਹੋਇਆਂ ਪੁਲਿਸ ਅਧਿਕਾਰੀਆਂ ਦੇ ਇਸ ਪਰੇਡ ਵਿੱਚ ਹਿੱਸਾ ਲੈਣ ਉੱਤੇ ਰੋਕ ਲਾਈ ਗਈ ਸੀ। ਬਾਅਦ ਵਿੱਚ ਸੀਰੀਅਲ ਕਿੱਲਰ ਬਰੂਸ ਮੈਕਾਰਥਰ ਨੂੰ ਇਸ ਸਾਲ ਦੇ ਸ਼ੁਰੂ ਵਿੱਚ ਅੱਠ ਵਿਅਕਤੀਆਂ, ਜਿਨ੍ਹਾਂ ਦੇ ਸਬੰਧ ਗੇਅ ਵਿਲੇਜ ਨਾਲ ਸਨ, ਦਾ ਕਤਲ ਕਰਨ ਲਈ ਦੋਸ਼ੀ ਠਹਿਰਾਇਆ ਗਿਆ ਸੀ। ਪਹਿਲਾਂ ਲੀਡਰਸ਼ਿਪ ਆਫ ਪ੍ਰਾਈਡ ਟੋਰਾਂਟੋ ਵੱਲੋਂ ਇਸ ਪਰੇਡ ਵਿੱਚ ਹਿੱਸਾ ਲੈਣ ਲਈ ਅਪਲਾਈ ਕਰਨ ਦਾ ਸੱਦਾ ਵੀ ਦਿੱਤਾ ਸੀ ਪਰ ਬਾਅਦ ਵਿੱਚ ਮੈਂਬਰਸ਼ਿਪ ਵੱਲੋਂ ਕੀਤੀ ਗਈ ਸਖ਼ਤ ਵੋਟਿੰਗ ਤੋਂ ਬਾਅਦ ਪੁਲਿਸ ਦੇ ਇਸ ਪਰੇਡ ਵਿੱਚ ਹਿੱਸਾ ਲੈਣ ਉੱਤੇ ਪਾਬੰਦੀ ਲਾਈ ਗਈ।

## ਟਰੱਕਿੰਗ ਇੰਡਸਟਰੀ ਲਈ ਹੀ ਪ੍ਰੋਵਿੰਸ਼ੀਅਲ ਇਮੀਗ੍ਰੇਸ਼ਨ ਪ੍ਰੋਗਰਾਮ ਤਹਿਤ ਕੀਤੀਆਂ ਗਈਆਂ ਹਨ ਤਬਦੀਲੀਆਂ : ਸਮਿੱਥ

...ਪੰਨਾ 1 ਦਾ ਬਾਕੀ

ਇਸ ਮੌਕੇ ਓਨਟਾਰੀਓ ਟਰੱਕਿੰਗ ਐਸੋਸਿਏਸ਼ਨ ਦੇ ਪ੍ਰੈਜ਼ੀਡੈਂਟ ਸਟੀਫਨ ਲੈਸਕੋਵਸਕੀ ਨੇ ਆਖਿਆ ਕਿ ਡਰਾਈਵਰਾਂ ਦੀ ਸਾਨੂੰ ਬਹੁਤ ਲੋੜ ਹੈ। ਲੈਸਕੋਵਸਕੀ ਨੇ ਇਹ ਵੀ ਆਖਿਆ ਕਿ ਹਰ ਸਾਲ ਸਾਨੂੰ 20,000 ਡਰਾਈਵਰ ਘੱਟ ਪੈਂਦੇ ਹਨ ਤੇ ਉੱਤਰੀ ਓਨਟਾਰੀਓ ਵਿੱਚ ਸਾਨੂੰ ਇਹ ਕਿੱਲਤ ਹੀ ਤੰਗ ਨਹੀਂ ਕਰ ਰਹੀ ਸਗੋਂ ਸਾਨੂੰ ਡੈਮੋਗ੍ਰੈਫਿਕ ਸੁਨਾਮੀ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਕੈਨੇਡਾ ਵਿੱਚ ਟਰੱਕ ਡਰਾਈਵਰ ਦੀ ਔਸਤ ਉਮਰ 55 ਸਾਲ ਤੋਂ ਉੱਪਰ ਹੈ ਤੇ ਉੱਤਰੀ ਓਨਟਾਰੀਓ ਵਿੱਚ ਤਾਂ ਇਹ ਹੋਰ ਵੀ ਜ਼ਿਆਦਾ ਹੈ।

ਮੰਤਰੀ ਨੇ ਦੱਸਿਆ ਕਿ ਵਧੇਰੇ ਨਿਜੀ ਸਪੋਰਟ ਵਰਕਰਜ਼ ਨੂੰ ਸੱਦਣ ਲਈ ਵੀ ਇਸੇ ਤਰ੍ਹਾਂ ਦੀ ਯੋਜਨਾ ਲਿਆਂਦੀ ਜਾਵੇਗੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

Founder Editor: Jagdish Singh Grewal
Managing Director: Parminder Kaur Grewal
Contributing Editors: Karam Singh Punia; Gyan Singh; Angrej Singh
Office Admin: Priya Sodhi
Marketing Executives: Priya Sodhi; Kamaljeet Kaur
Graphic Designer: Satnam Singh
Photographer: Kanwaljit Singh Kanwal
Distributer: Aman Warraich

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਵਕੀਲਾਂ ਵੱਲੋਂ ਕੈਨੇਡਾ ਨੂੰ ਹੁਆਵੇਈ ਐਗਜ਼ੈਕਟਿਵ ਦੀ ਹਵਾਲਗੀ ਪ੍ਰਕਿਰਿਆ ਰੋਕਣ ਦੀ ਗੁਜ਼ਾਰਿਸ਼

...ਪੰਨਾ 1 ਦਾ ਬਾਕੀ

ਸੋਮਵਾਰ ਨੂੰ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਮੈਂਗ ਦੇ ਵਕੀਲਾਂ ਨੇ ਆਖਿਆ ਕਿ ਅਮਰੀਕਾ ਵੱਲੋਂ ਮੈਂਗ ਦੀ ਹਵਾਲਗੀ ਨੂੰ ਲੈ ਕੇ ਕੈਨੇਡਾ ਅਜੀਬ ਦੁਚਿੱਤੀ ਵਿੱਚ ਫਸ ਚੁੱਕਿਆ ਹੈ। ਮੈਂਗ ਨੂੰ ਅਜਿਹੇ ਫਰਾਡ ਟਰਾਇਲ ਦਾ ਸਾਹ-ਮਣਾ ਕਰਨ ਲਈ ਆਖਿਆ ਜਾ ਰਿਹਾ ਹੈ ਜਿਹੜਾ ਕੈਨੇਡਾ ਵਿੱਚ ਜੁਰਮ ਨਹੀਂ ਹੈ।

# Quebec's legislature "ALL WELCOME" but without the religious symbols (NOT TRUDEAU WAY)



**By: Surjit Singh Flora**

Last week, Quebec's legislature passed a bill that prohibits future government employees "in positions of authority" from wearing religious symbols or garb during office hours. Known previously as Bill 21, the law includes traditional clothing for Muslims (hijab) and Jews (kippah), even the Sikh turban as well as crosses or crucifixes for Christians. Teachers, police officers, and judges are all covered by the new law. No specific religion was identified in the Bill. Existing employees are exempt from the new legislation.

I cannot believe that a Quebec province passes such harmful Bill 21 and Bill 9 that attack every sense of decency that I thought the majority of Canadians possessed.

To those fleeing persecution, terror & war, Canadians will welcome you, regardless of your faith. Diversity is our strength #WelcomeToCanada,' Trudeau tweeted in Jan. 2017 So after these people arrived here, looking for a job, freedom and they have to face all this, what kind of "ALL WELCOME" is this? This is totally insulting the religious and their faiths.

A racist premier and a government that follows blindly is a great danger to Canadian democracy. I also cannot believe the PM Justin Trudeau Liberal government, which constantly talks of welcoming people from other countries, would allow such draconian laws to be passed.

After this law passed by the Quebec's legislature, here in Ontario Peel Police released a press letter saying, "Government of QC has passed Bill 21 prohibiting the wearing of "religious Symbols" by individuals in positions of authority, including police officers, and whereas the Peel Regional Police believes in the Values of diversity and inclusion, including the accommodation of religious symbols, the Regional Municipality of peel police Services Board invites all affected individuals, either pursuing or training for a career in policing in QC, to apply for a career with peel Regional Police, and future that Peel Regional Police place select advertising within QC promoting a career at Peel Regional Police.

Main while Brampton Mayor Patrice Brown wrote in a press release, that "We need to send a strong message to the proponents of Bill 21 in Quebec. This legislation is a challenge to religious freedom and an infringement to the Canadian Charter of Rights and Freedoms.

Also, Brown wrote in his PR that motion would be tabled to debated at our Special City of Brampton Council meeting on June 26. We need to join the legal challenge initiated by the Canadian Civil Liberties Association and the National Council of Canadian Muslims to protect religious freedom. If we don't stand up for religious freedom in Brampton, which is the most culturally and religiously diverse City in Canada than who will?

Not only that he also mentioned that "We will ask the Brampton Fire and Emergency Services to advertise in Quebec promoting career opportunities in Brampton. The values of diversity and inclusion are essential to our City.

We are ground zero for multiculturalism. I will continue to speak out for Canada's multicultural mosaic and religious freedoms."

Bill 21 is already accepted. That violates Canada's human rights, the UN policy on human rights, and Quebec's own human rights bill. A referendum would basically be saying, "We don't care about humans' rights, as long as a majority of us decides to do away with them." The question presented is not whether a majority of Quebeckers accept Bill 21 (they do, at about 70%) but whether it is the right thing to do?

This issue of Muslim women covering their faces is one that elicits very strong reactions, both from a rights and freedoms perspective as well as from the perspective of those in our society who view this religious practice with great suspicion and mistrust.

The reality in Canada today is if a woman chooses to cover her face to observe her religious traditions, our constitution protects her right to do so. Frankly, it's absurd to pass any law that is so obviously a violation of that constitution and its Charter of Rights and Freedoms, leaving me to openly question the motives of Quebec's lawmakers.

The law poses serious challenges, such as pitting nurses and doctors and their professional standards of practice that require they provide medical service to all patients who present themselves for care, against the law, which essentially forbids them to provide that care to a woman whose face is covered.

But for the Sikhs, Turban on the head never cover the face, all we are talking about here faces under the cover, that it's little dangers, and a stranger while trying to no idea whom you are dealing with, communicating with. So why Sikh turban?

The bottom line is that Quebecers' asking separation from long, they want their own separate country, and after a long fight, no success, now they are starting with this kind of foolish religious games. It's racism so they can create the troubles to get succeed in their mission of separation.

To many people who view these "foreign customs" through the lenses of western sensibilities, women choosing to cover their face or their body is at best a curious practice, or at worst a practice of dangerous and suspect motives hiding behind the orthodox religious convention.

Even within Islam, the practice of wearing the niqab can be controversial, with many Muslim scholars expressing the opinion that it is not required, while some scholars are asserting their belief that it is.

Those women who do wear the niqab or burqa, it is clearly a requirement to them as they choose to interpret their religion, and ultimately, our constitution makes it their choice. If we can successfully deprive these women of that choice, then I believe we can deprive our citizens of just about any decision. This is not freedom. It is oppression. And it is not worthy of Canada, especially for the Quebec's legislature to pass such Bill.















# 'ਨਿਊਜ਼ੀਲੈਂਡ ਸਿੱਖ ਖੇਡਾਂ' ਪੁਲਮਨ ਪਾਰਕ ਟਾਕਾਨੀਨੀ ਵਿਖੇ 30 ਨਵੰਬਰ ਅਤੇ 1 ਦਸੰਬਰ ਨੂੰ







ਔਕਲੈਂਡ, 24 ਜੂਨ (ਹਰਜਿੰਦਰ ਸਿੰਘ ਬਸਿਆਲਾ): ਕਹਿੰਦੇ ਨੇ ਸੁਪਨਿਆਂ ਤੋਂ ਸਫਲਤਾ ਤੱਕ ਦਾ ਰਸਤਾ ਬਣਿਆ ਹੁੰਦਾ ਹੈ ਪਰ ਸਿਰੜ ਨੂੰ ਲੋੜ ਹੁੰਦੀ ਹੈ ਉਸ ਨੂੰ ਲੱਭਣ ਦੀ ਅਤੇ ਦ੍ਰਿੜ੍ਹਤਾ ਦੀ ਲੋੜ ਹੁੰਦੀ ਹੈ ਚੱਲੇ ਰਹਿਣ ਦੀ। ਨਿਊਜ਼ੀਲੈਂਡ ਦੇ ਵਿਚ ਪਹਿਲੀਆਂ ਸਿੱਖ ਖੇਡਾਂ ਦਾ ਅੱਜ ਰਸਮੀ ਐਲਾਨ ਪੁਲਮਨ ਪਾਰਕ ਟਾਕਾਨੀਨੀ ਵਿਖੇ ਖੇਡ ਮੈਨੇਜਮੈਂਟ ਕਮੇਟੀ ਵੱਲੋਂ ਕਰ ਦਿੱਤਾ ਗਿਆ। 42 ਹੈਕਟੇਅਰ ਦੇ ਵਿਚ ਫੈਲਿਆ 'ਪੁਲਮਨ ਪਾਰਕ' ਇਹ ਉਹੀ ਖੇਡ ਪਾਰਕ ਹੈ ਜਿੱਥੇ 30 ਨਵੰਬਰ ਅਤੇ 1 ਦਸੰਬਰ 2019 ਨੂੰ ਪਹਿਲੀਆਂ 'ਨਿਊਜ਼ੀਲੈਂਡ ਸਿੱਖ ਖੇਡਾਂ' ਦਾ ਆਯੋਜਨ ਕੀਤਾ ਜਾਣਾ ਹੈ ਅਤੇ ਇਥੇ ਦੇਸ਼-ਵਿਦੇਸ਼ ਤੋਂ ਦਰਜਨਾਂ ਖੇਡਾਂ ਖੇਡੀਆਂ ਜਾਣੀਆਂ ਹਨ। ਖੇਡ ਮੈਨੇਜਮੈਂਟ ਜਿਸ ਦੇ ਵਿਚ ਤਾਰਾ ਸਿੰਘ ਬੈਂਸ, ਦਲਜੀਤ ਸਿੰਘ ਸਿੱਧੂ, ਗੁਰਵਿੰਦਰ ਸਿੰਘ ਔਲਖ, ਇੰਦਰਜੀਤ ਸਿੰਘ ਕਾਲਕਟ, ਸੁਰਿੰਦਰ ਸਿੰਘ ਢੀਂਡਸਾ ਅਤੇ ਦਲਵੀਰ ਸਿੰਘ ਲਸਾੜਾ ਨੇ ਅੱਜ ਇਕ ਭਰਵਾਂ ਇਕੱਠ ਕਰਕੇ ਪੰਜਾਬੀ ਕਮਿਊਨਿਟੀ ਅਤੇ ਪੰਜਾਬੀ ਮੀਡੀਆ ਕਰਮੀਆਂ ਦੀ ਹਾਜ਼ਰੀ ਵਿਚ ਇਨ੍ਹਾਂ ਖੇਡਾਂ ਬਾਬਤ ਤਿਆਰ ਲੋਗੋ ਅਤੇ ਵੈਬਸਾਈਟ ਨੂੰ ਲਾਂਚ ਕੀਤਾ।

2 ਵਜੇ ਚਾਹ-ਪਾਣੀ ਤੋਂ ਬਾਅਦ ਕਾਨਫਰੰਸ ਰੂਮ ਦੇ ਵਿਚ ਇਹ ਸਾਰਾ ਸਮਾਗਮ ਕੀਤਾ ਗਿਆ। ਪਰਮਿੰਦਰ ਸਿੰਘ ਪਾਪਾਟੋਏਟੋਏ ਨੇ ਸਟੇਜ ਸੰਭਾਲਦਿਆਂ ਆਏ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਖੇਡਾਂ ਅਤੇ ਪੰਜਾਬੀਆਂ ਦੀ ਨਿਊਜ਼ੀਲੈਂਡ ਦੇ ਵਿਚ ਕਾਰਜ ਖੇਤਰ ਨੂੰ ਸੰਖੇਪ ਰੂਪ ਵਿਚ ਪੇਸ਼ ਕੀਤਾ। ਇਸ ਤੋਂ ਬਾਅਦ ਪੰਜਾਬ ਤੋਂ ਪ੍ਰਸਿੱਧ ਗਾਇਕ ਹਰਮਿੰਦਰ ਨੂਰਪੁਰੀ ਵੱਲੋਂ ਭੇਜੇ ਗਏ 'ਕਰ ਕਿਰਪਾ' ਗੀਤ ਦੇ ਅੰਤਰੇ ਅਤੇ ਸੰਦੇਸ਼ ਦੇ ਨਾਲ ਇਸ ਕਾਰਜ ਨੂੰ ਸਫਲਤਾ ਬਖਸ਼ਣ ਦੀ ਅਰਦਾਸ ਹੋਈ। ਖੇਡਾਂ ਦੀ ਰੂਪ ਰੇਖਾ ਦਰਸਾਉਂਦੀ ਇਕ ਕਵਿਤਾ ਸ. ਹਰਜਿੰਦਰ ਸਿੰਘ ਬਸਿਆਲਾ ਨੇ ਪੇਸ਼ ਕੀਤੀ। ਖੇਡ ਪ੍ਰਬੰਧਕ ਦਲਜੀਤ ਸਿੰਘ ਸਿੱਧੂ ਨੇ ਕੀ? ਕਿੱਥੇ ? ਅਤੇ ਕਦੋਂ? ਬਾਰੇ ਸਾਰੀ ਜਾਣਕਾਰੀ ਦਿੱਤੀ। ਇਸ ਤੋਂ ਉਪਰੰਤ ਖੇਡ ਪ੍ਰਬੰਧਕਾਂ ਨੇ ਲੈਪਟਾਪ ਉਤੇ ਬਟਨ ਦਬਾ ਕੇ ਲੋਗੋ ਅਤੇ ਵੈਬਸਾਈਟ ਨੂੰ ਲਾਂਚ ਕੀਤਾ ਅਤੇ ਨਿਰਧਾਰਤ ਤਰੀਕਾਂ ਦਾ ਐਲਾਨ ਕਰ ਦਿੱਤਾ। ਲੋਗੋ ਦੇ ਵਿਚ ਲੱਗੇ ਫੀਚਰਾਂ ਬਾਰੇ ਵਿਸਥਾਰ ਪੂਰਵਕ ਸ. ਹਰਜਿੰਦਰ ਸਿੰਘ ਨੇ ਦੱਸਿਆ। ਨਾਲ ਹੀ ਦੋ ਵੱਡੇ ਬੈਨਰ ਲਹਿਰਾ ਦਿੱਤੇ ਗਏ ਅਤੇ ਬੋਲੇ ਸੋ ਨਿਹਾਲ ਦੇ ਜੈਕਾਰੇ ਨਾਲ ਇਕੱਤਰ ਸਮੂਹ ਸਹਿਯੋਗੀਆਂ ਨੇ ਪੂਰਾ ਸਾਥ ਦਿੱਤਾ। ਨਵਤੇਜ ਰੰਧਾਵਾ ਨੇ ਪੰਜਾਬੀਆਂ ਦੇ 125 ਸਾਲਾਂ ਦੇ ਇਤਿਹਾਸ ਤੋਂ ਲੈ ਕੇ ਇਨ੍ਹਾਂ ਖੇਡਾਂ ਦੀ ਆਮਦ ਤੱਕ ਦਾ ਸਾਰਾ ਦ੍ਰਿਸ਼ ਸਲਾਈਡਾਂ ਰਾਹੀਂ ਇੰਗਲਿਸ਼ ਵਿਚ ਪੇਸ਼ ਕੀਤਾ। ਓਪਨ ਵਿਚਾਰ ਦੇ ਵਿਚ ਹਾਜ਼ਰੀਨ ਕੱਬਡੀ ਫੈਡਰੇਸ਼ਨ ਦੇ ਨੁਮਾਇੰਦਿਆਂ, ਖੇਡ ਕਲੱਬਾਂ ਦੇ ਪ੍ਰਤੀਨਿਧਾਂ ਅਤੇ ਗੁਰ ਅਸਥਾਨਾਂ ਦੇ ਅਹੁਦੇਦਾਰਾਂ ਦੇ ਵਿਚਾਰ ਵੀ ਲਏ ਗਏ। ਫੁੱਟਬਾਲ ਬਾਰੇ ਸਤਨਾਮ ਬੈਂਸ, ਲੜਕੀਆਂ ਦੇ ਫੁੱਟਬਾਲ ਬਾਰੇ ਹਰਸ਼ਜੋਤ ਕੌਰ, ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਤੋਂ ਹਰਪ੍ਰੀਤ ਸਿੰਘ ਗਿੱਲ, ਵਰਿੰਦਰ ਸਿੰਘ ਬਰੇਲੀ, ਹਾਕੀ ਬਾਰੇ ਗੁਰਪ੍ਰੀਤ ਸਿੰਘ, ਗੋਲਫ ਬਾਰੇ ਖੜਕ ਸਿੰਘ, ਅਤੇ ਕਲਚਰਲ ਪ੍ਰੋਗਰਾਮ ਬਾਰੇ ਬਲਜੀਤ ਕੌਰ ਢੇਲ ਨੇ ਆਪਣੇ ਵਿਚਾਰ ਪੇਸ਼ ਕੀਤੇ। ਮਲਕੀਤ ਸਿੰਘ ਸਹੋਤਾ, ਗੁਰਿੰਦਰ ਸਿੰਘ ਸ਼ਾਦੀਪੁਰ, ਗੁਰੁਆਰਾ ਬੇਗਮਪੁਰਾ ਸਾਹਿਬ ਤੋਂ ਅਸ਼ੀਸ ਕੁਮਾਰ, ਜਰਨੈਲ ਸਿੰਘ ਰਾਹੋਂ, ਹਰਪਾਲ ਸਿੰਘ ਪਾਲ, ਜਗਦੀਪ ਸਿੰਘ ਵੜੇਚ, ਸੁਰਨੀਤ ਸਿੰਘ ਸ਼ੱਬਾ, ਚਰਨਜੀਤ ਸਿੰਘ ਦੁੱਲਾ ਨੇ ਵੀ ਸੰਬੋਧਨ ਕੀਤਾ। ਗੁਰਵਿੰਦਰ ਸਿੰਘ ਔਲਖ ਅਤੇ ਇੰਦਰਜੀਤ ਸਿੰਘ ਨੇ ਵੀ ਇਨ੍ਹਾਂ ਖੇਡਾਂ ਬਾਰੇ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੱਤੇ।





BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre

ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ

Open Seven Days

- AZ Tractor trailer program
- Manual transmission & backup training everyday
- We welcome welfare workers & compensation clients

Forklift Re-Certification Only $69.00/-

Karnail Singh

416.670.3173 | 905.799.7333
27 Edvac Dr, Brampton, ON L6S 5X8

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Residential | Commercial | Investment

Jagdish Grewal
Sales Representative
(416) 970-5005
Office: 905-488-2100 Ext. 348



Century 21 President Realty Inc Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101

# ਕੈਪਟਨ ਅਮਰਿੰਦਰ ਸਿੰਘ ਦੀਆਂ ਪੰਜੇ ਘਿਉ ’ਚ

ਸ਼ੰਗਾਰਾ ਸਿੰਘ ਭੁੱਲਰ

ਦੋ ਗੱਲਾਂ ਹਨ। ਪਹਿਲੀ ਰਤਾ ਕੁ ਸੰਖੇਪ ਪਰ ਹੈ ਘੋਖਵੀਂ ਅਤੇ ਮਹੱਤਵਪੂਰਨ। ਦੂਜੀ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਿਤਾਰੇ ਇਸ ਵੇਲੇ ਬੁਲੰਦੀਆਂ ’ਤੇ ਹਨ। ਸਵਾਲ ਜਿਥੋਂ ਤਕ ਪਹਿਲੀ ਗੱਲ ਦਾ ਹੈ ਉਹ ਇਹ ਕਿ ਨੱਬੇਵਿਆਂ ਵਿਚ ਕੈਪਟਨ ਅਮਰਿੰਦਰ ਸਿੰਘ ਕਾਂਗਰਸ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਸਨ ਅਤੇ ਸੁਰਜੀਤ ਸਿੰਘ ਬਰਨ-ਾਲਾ ਦੀ ਵਜ਼ਾਰਤ ਵਿਚ ਖੇਤੀਬਾੜੀ ਮੰਤਰੀ ਵੀ ਰਹੇ। ਮਗਰੋਂ ਜਦੋਂ ਕੁਝ ਸੀਟਾਂ ਦੀ ਵੰਡ ਨੂੰ ਲੈ ਕੇ ਉਨ੍ਹਾਂ ਨੂੰ ਨਾਂਹ ਨੁੱਕਰ ਕੀਤੀ ਗਈ ਤਾਂ ਕੈਪਟਨ ਅਮਰਿੰਦਰ ਸਿੰਘ ਤੁਰਤ ਅਕਾਲੀ ਦਲ ਛੱਡ ਕੇ ਆਪਣੀ ਪੁਰਾਣੀ ਪਾਰਟੀ ਕਾਂਗਰਸ ਵਿਚ ਚਲੇ ਗਏ, ਜਿਸ ਨੂੰ ਉਨ੍ਹਾਂ ਨੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਭਾਰਤੀ ਫ਼ੌਜਾਂ ਸਿੱਖਾਂ ਦੇ ਪਾਕ ਮੁਕੱਦਸ ਸਥਾਨ ਦਰਬਾਰ ਸਾਹਿਬ ’ਤੇ ਚੜ੍ਹਾਉਣ ਦੇ ਰੋਸ ਵਜੋਂ ਅਲਵਿਦਾ ਕਹੀ ਸੀ। ਉਸ ਵੇਲੇ ਉਹ ਲੋਕ ਸਭਾ ਦੇ ਮੈਂਬਰ ਸਨ। ਸਵਾਲਾਂ ਦਾ ਸਵਾਲ ਇਹ ਹੈ ਕਿ ਜਾਂ ਤਾਂ ਕੈਪਟਨ ਅਮਰਿੰਦਰ ਸਿੰਘ ਦੀ ਕਿਸਮਤ ਚੰਗੀ ਸੀ ਕਿ ਅਕਾਲੀ ਉਨ੍ਹਾਂ ਨੂੰ ਸੰਭਾਲ ਨਹੀਂ ਸਕੇ ਅਤੇ ਉਹ ਆਪਣੀ ਮੂਲ ਪਾਰਟੀ ਵਿਚ ਆ ਸ਼ਾਮਲ ਹੋਏ। ਇਸੇ ਬਲਬੂਤੇ ’ਤੇ ਉਹ ਪੰਜਾਬ ਦੇ ਦੂਜੀ ਵਾਰ ਮੁੱਖ ਮੰਤਰੀ ਬਣੇ ਹਨ। ਪਹਿਲੀ ਵਾਰ ਉਹ 2002 ਵਿਚ ਮੁੱਖ ਮੰਤਰੀ ਬਣੇ। ਜ਼ਰਾ ਸੋਚੋ ਜੇ ਅਕਾਲੀਆਂ ਨੇ ਉਨ੍ਹਾਂ ਨੂੰ ਉਸ ਵੇਲੇ ਉਨ੍ਹਾਂ ਦੀ ਲੋੜ ਮੁਤਾਬਕ ਟਿਕਟਾਂ ਦੇ ਕੇ ਅਪਣੇ ਨਾਲ ਰਖਿਆ ਹੁੰਦਾ ਤਾਂ ਸ਼ਾਇਦ ਅੱਜ ਉਹ ਵੱਡੇ ਵਿਰੋਧੀ ਨਾ ਹੁੰਦੇ। ਕਹਿ ਲਉ ਇਹ ਕਿਸਮਤ ਦਾ ਖੇਲ ਹੈ- ਕੋਈ ਪਾਸ ਕੋਈ ਫੇਲ੍ਹ।

ਹੁਣ ਦੂਜੀ ਗੱਲ। ਇਸ ਵੇਲੇ ਕੈਪਟਨ ਅਮਰਿੰਦਰ ਸਿੰਘ ਦੀਆਂ ਪੌਅ ਬਾਰਾਂ ਹਨ। ਦੋ ਰਾਵਾਂ ਨਹੀਂ ਕਿ ਅਕਾਲੀਆਂ ਦੇ 2007 ਤੋਂ ਪਿਛੋਂ ਪੂਰੇ ਦਸ ਸਾਲ ਉਨ੍ਹਾਂ ਨੂੰ ਮੁੜ ਸੱਤਾਧਾਰੀ ਬਣਨ ਲਈ ਲੰਮਾ ਇੰਤਜ਼ਾਰ ਕਰਨਾ ਪਿਆ। ਹਾਂ, ਇਕ ਗੱਲ ਪੱਕੀ ਹੈ ਕਿ ਕਾਂਗਰਸ ਹਾਈ ਕਮਾਂਡ ਵਿਚ ਹਮੇਸ਼ਾ ਉਨ੍ਹਾਂ ਦੀ ਪੁੱਛਗਿੱਛ ਰਹੀ ਹੈ। ਇਸ ਦਾ ਵੱਡਾ ਕਾਰਨ ਹਾਲਾਂਕਿ ਇਹ ਸੀ ਕਿ 2014 ਤੋਂ ਪਿਛੋਂ ਕਾਂਗਰਸ ਦੇ ਜਿਥੇ ਪੂਰੇ ਦੇਸ਼ ਵਿਚ ਪੈਰ ਹਿੱਲ ਗਏ ਸਨ, ਉਥੇ ਕੈਪਟਨ ਅਮਰਿੰਦਰ ਸਿੰਘ ਪੰਜਾਬ ਕਾਂਗਰਸ ਦੇ ਅਜਿਹੇ ਪ੍ਰਧਾਨ ਹਨ ਜਿਨ੍ਹਾਂ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਜਿੱਤ ਕੇ ਕਾਂਗਰਸ ਦੇ ਸੂਬੇ ਵਿਚ ਮੁੜ ਪੈਰ ਲਾਏ ਸਨ। ਵੈਸੇ ਉਸ ਸਮੇਂ ਵੀ ਮੋਦੀ ਲਹਿਰ। ਇਸ ਦੇ ਬਾਵਜੂਦ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਨੂੰ ਉਸ ਲਹਿਰ ਤੋਂ ਬਚਾਈ ਰਖਿਆ। ਏਨਾ ਬਚਾਇਆ ਕਿ 2007 ਤੋਂ 2017 ਤਕ ਲਗਾਤਾਰ ਹਕੂਮਤ ਕਰਨ ਵਾਲੀ ਅਕਾਲੀ-ਭਾਜਪਾ ਗਠਜੋੜ ਨੂੰ ਪੰਜਾਬ ਵਿਧਾਨ ਸਭਾ ਚੋਣਾਂ ’ਚ 117 ਵਿਚੋਂ ਮੁਸ਼ਕਲ ਨਾਲ 15 ਸੀਟਾਂ ਮਿਲੀਆਂ ਸਨ। ਭਾਜਪਾ ਦੇ ਤਾਂ ਪੈਰ ਹੀ ਉਖੜ ਗਏ। ਲੋਕਾਂ ਨੇ ਕਾਂਗਰਸ ਨੂੰ ਵੋਟਾਂ ਕੈਪਟਨ ਅਮਰਿੰਦਰ ਸਿੰਘ ਦੀ ਪਹਿਲੀ ਸਰਕਾਰ ਵਾਲੀ ਸ਼ਾਨਦਾਰ ਕਾਰਗੁਜ਼ਾਰੀ ਦੇ ਮੱਦੇਨਜ਼ਰ ਹੀ ਪਾਈਆਂ ਸਨ। ਉਨ੍ਹਾਂ ਪੰਜਾਂ ਵਰ੍ਹਿਆਂ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਇਕ ਚੰਗੇ ਸਿਆਸਤਦਾਨ ਅਤੇ ਕੁਸ਼ਲ ਪ੍ਰਸ਼ਾਸਕ ਵਜੋਂ ਅਪਣੀ ਛਵੀ ਬਣਾਈ ਸੀ। ਇਸ ਦੇ ਉਲਟ 2019 ਦੀਆਂ ਲੋਕ ਸਭਾ ਦੀਆਂ ਚੋਣਾਂ ਵਿਚ ਕਾਂਗਰਸ ਨੂੰ ਮੁੜ ਸ਼ਾਨਦਾਰ ਜਿੱਤ ਨਸੀਬ ਹੋਈ ਹੈ। ਉਂਜ ਇਸ ਨੂੰ ਕੈਪਟਨ ਦੀ ਪਹਿਲੀ ਛਵੀ ਨਾਲ ਜੋੜ ਕੇ ਨਹੀਂ ਵੇਖਿਆ ਜਾ ਸਕਦਾ। ਮੋਦੀ ਦੀ ਹਨੇਰੀ ਇਸ ਵਾਰ ਪਹਿਲਾਂ ਨਾਲੋਂ ਵੀ ਕੁੱਝ ਜ਼ਿਆਦਾ ਸੀ। ਪੰਜਾਬ ਵਿਚ ਜੇ ਵੋਟਰਾਂ ਨੇ ਕਾਂਗਰਸ ਨੂੰ ਵੋਟ ਪਾਈ ਤਾਂ ਇਸ ਕਰਕੇ ਨਹੀਂ ਕਿ ਇਸ ਦੀ ਸਰਕਾਰ ਦੀ ਕਾਰਗੁਜ਼ਾਰੀ ਬਹੁਤ ਬਿਹਤਰ ਹੈ ਬਲਕਿ ਇਸ ਲਈ ਪਾਈ ਕਿ ਉਨ੍ਹਾਂ ਕੋਲ ਹੋਰ ਕੋਈ ਬਦਲ ਹੀ ਨਹੀਂ ਸੀ। ਨਾ ਅਕਾਲੀ ਦਲ ਅਤੇ ਨਾ ਹੀ ਆਮ ਆਦਮੀ ਪਾਰਟੀ।

ਬੇਅਦਬੀ ਕਾਂਡ ਕਰਕੇ ਅਕਾਲੀ ਦਲ ਪਿਛਲੇ ਤਿੰਨ ਚਾਰ ਸਾਲਾਂ ਤੋਂ ਪੈਰਾਂ ਤੋਂ ਉਖੜ ਰਿਹਾ ਹੈ ਜੋ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਬਾਵਜੂਦ ਕੋਸ਼ਿਸ਼ਾਂ ਦੇ ਅਜੇ ਤਕ ਮੁੜ ਤਾਬਿਆ ਨਹੀਂ ਆ ਰਿਹਾ। ਵਜ੍ਹਾ ਇਹ ਵੀ ਹੈ ਕਿ ਪ੍ਰਕਾਸ਼ ਸਿੰਘ ਬਾਦਲ ਸਿਆਸਤ ਤੋਂ ਕਿਨਾਰਾ ਕਰ ਗਏ ਹਨ। ਸ਼ਾਇਦ ਵੋਟਰਾਂ ਅਤੇ ਅਕਾਲੀ ਦਲ ਵਿਚਕਾਰ ਵਧੀ ਇਸੇ ਵਿੱਥ ਕਾਰਨ ਲੋਕ ਸਭਾ ਵਿਚ ਅਕਾਲੀ ਦਲ ਨੂੰ 10 ਵਿਚੋਂ ਮੁਸ਼ਕਲ ਨਾਲ ਦੋ ਸੀਟਾਂ ਹੀ ਮਿਲ ਸਕੀਆਂ ਅਤੇ ਉਹ ਵੀ ਬਾਦਲ ਪਰਵਾਰ ਨੂੰ। ਇਕ ਹਰਸਿਮਰਤ ਬਾਦਲ ਨੂੰ ਅਤੇ ਦੂਜੀ ਖ਼ੁਦ ਸੁਖਬੀਰ ਬਾਦਲ ਨੂੰ। ਇਹ ਸਿਆਸੀ ਦ੍ਰਿਸ਼ ਅਕਾਲੀ ਦਲ ਦੇ ਭਵਿੱਖ ਨੂੰ ਹੀ ਤਾਂ ਦਰਸਾਉਂਦਾ ਹੈ। ਕਾਂਗਰਸ ਦੀ ਵੱਡੀ ਜਿੱਤ ਦਾ ਕਾਰਨ ਵੀ ਇਹੀਉ ਬਣਿਆ। ਦੂਜੇ ਪਾਸੇ ਆਮ ਆਦਮੀ ਪਾਰਟੀ ਭਲੇ ਹੀ ਇਸ ਵੇਲੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਹੈ, ਉਸ ਨੂੰ ਹੋਇਆਂ/ਅਣਹੋਇਆਂ ਵਰਗੀ ਮਨ ਦੇ ਤੁਰ ਸਕਦੇ ਹੋ ਕਿਉਂਕਿ ਪੰਜਾਬ ਵਿਚ ਇਕ ਸਮੇਂ ਆਮ ਆਦਮੀ ਪਾਰਟੀ ਦੀ ਜੋ ਕਾਂਗ ਆਈ ਸੀ, ਉਹ ਲਗਭਗ ਠੱਪ ਹੀ ਹੋ ਗਈ ਹੈ। ਯਕੀਨਨ ਪੰਜਾਬ ਦੇ ਵੋਟਰਾਂ ਵਲੋਂ ਕਾਂਗਰਸ ਦੀ ਬਾਂਹ ਫੜਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਹਾਲਾਂਕਿ ਸੂਬੇ ਦੇ ਇਹੀਉ ਵੋਟਰ ਅੱਜ ਬੁਰੀ ਤਰ੍ਹਾਂ ਮਹਿਸੂਸ ਕਰ ਰਹੇ ਹਨ ਕਿ ਜੋ ਜਲਵਾ ਜਾਂ ਕਾਰਗੁਜ਼ਾਰੀ ਕੈਪਟਨ ਅਮਰਿੰਦਰ ਸਿੰਘ ਦੀ ਪਹਿਲੀ ਸਰਕਾਰ ਵੇਲੇ ਸੀ, ਹੁਣ ਤਾਂ ਉਸ ਦੇ ਪਾਸਕੂ ਵੀ ਨਹੀਂ। ਸਰਕਾਰ ਦਾ ਅੱਧਾ ਸਮਾਂ ਲੰਘ ਗਿਆ ਹੈ ਅਤੇ ਅੱਧਾ ਵੀ ਲੰਘ ਹੀ ਜਾਣਾ ਹੈ। ਕੈਪਟਨ ਅਮਰਿੰਦਰ ਸਰਕਾਰ ਤਾਂ ਚਲਾ ਰਹੇ ਹਨ ਪਰ ਜਾਪਦਾ ਹੈ ਜਿਵੇਂ ਸੂਬੇ ਵਿਚ ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ। ਸਿਰਫ਼ ਅਫ਼ਸਰਸ਼ਾਹੀ ਦਾ ਬੋਲਬਾਲਾ ਹੈ ਅਤੇ ਲੋਕ ਪੂਰੀ ਤਰ੍ਹਾਂ ਦੁਖੀ।

ਹੁਣ ਜਦੋਂ ਐਤਕੀ ਵੀ ਆਸ ਦੇ ਉਲਟ ਦੇਸ਼ ਵਿਚ ਰਾਹੁਲ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਦੇ ਪੈਰ ਨਹੀਂ ਲੱਗ ਸਕੇ ਤਾਂ ਕੈਪਟਨ ਦੇ ਅਪਣੇ ਪੈਰ ਹੋਰ ਵੀ ਮਜ਼ਬੂਤ ਹੋ ਗਏ ਹਨ। ਸ਼ਾਇਦ ਇਸ ਲਈ ਕਾਂਗਰਸ ਇਸ ਵੇਲੇ ਅਤਿਅੰਤ ਨਿਰਾਸ਼ਾ ਦੇ ਮਾਹੌਲ ਵਿਚ ਲੰਘ ਰਹੀ ਹੈ। ਇਸ ਲਈ ਸ਼ੁਰੂ ਵਿਚ ਜੇ ਹਾਈ ਕਮਾਂਡ ਦੀ ਕੈਪਟਨ ਅਮਰਿੰਦਰ ਸਿੰਘ ਦੇ ਕੰਮ ਕਾਜ ਉਤੇ ਥੋੜ੍ਹੀ ਬਹੁਤ ਪੈਨੀ ਨਜ਼ਰ ਰਹਿੰਦੀ ਸੀ ਤਾਂ ਉਹ ਹੁਣ ਬਿਲਕੁਲ ਹੀ ਖ਼ਤਮ ਹੋ ਗਈ ਹੈ। ਰਾਹੁਲ ਗਾਂਧੀ ਵੀ ਕੈਪਟਨ ਅਮਰਿੰਦਰ ਸਿੰਘ ਨੂੰ ਕਿਹੜੇ ਮੂੰਹ ਨਾਲ ਹਦਾਇਤਾਂ ਦੇਵੇ। ਨਤੀਜਾ ਕੈਪਟਨ ਅਮਰਿੰਦਰ ਸਿੰਘ ਪੂਰੀ ਖੁਲ੍ਹ ਖੇਡ ਰਹੇ ਹਨ। ਜਾਪਦਾ ਇਉਂ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਹੁਣ ਸਿਆਸੀ ਗੋਟੀਆਂ ਖੇਡਣ ਦੀ ਪੂਰੀ ਸਮਝ ਆ ਗਈ ਹੈ। ਹੁਣ ਆਪਣੀ ਮਨਮਰਜ਼ੀ ਤਾਂ ਕਰ ਹੀ ਰਹੇ ਹਨ ਜੋ ਉਨ੍ਹਾਂ ਦਾ ਅਧਿਕਾਰ ਵੀ ਹੈ। ਹਾਂ, ਉਨ੍ਹਾਂ ’ਤੇ ਉਨ੍ਹਾਂ ਦੇ ਆਪਣੇ ਕੁਝ ਸਾਥੀਆਂ ਵਲੋਂ ਲਾਏ ਜਾ ਰਹੇ ਇਹ ਦੋਸ਼ ਵੀ ਵਿਚਾਰਨਯੋਗ ਹਨ ਕਿ ਉਹ ਅਕਾਲੀਆਂ ਨਾਲ ਦੋਸਤਾਨਾ ਮੈਚ ਖੇਡ ਰਹੇ ਹਨ। ਪੰਜਾਬ ਦੇ ਇਕ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਤਾਂ ਉਨ੍ਹਾਂ ਨੂੰ ਸਿੱਧੀ ਵੰਗਾਰ ਪਾ ਦਿਤੀ ਹੈ। ਇਕ ਪਾਸੇ ਉਹ ਅਕਾਲੀਆਂ ਨੂੰ ਸਬਕ ਸਿਖਾਉਣ ਲਈ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਆਧਾਰ ’ਤੇ ਕੰਮ ਕਰ ਰਹੇ ਹਨ ਅਤੇ ਦੂਜੇ ਪਾਸੇ ਉਨ੍ਹਾਂ ਦੇ ਆਪਣੇ ਸਾਰੇ ਮੰਤਰੀਆਂ, ਵਿਧਾਇਕਾਂ ਅਤੇ ਐਮ.ਪੀਜ਼. ਤੋਂ ਬਿਨਾਂ ਹੋਰ ਵੱਡੇ ਨੇਤਾਵਾਂ ਨੂੰ ਉਸੇ ਤਰ੍ਹਾ ਆਪਣੇ ਵੱਸ ਵਿਚ ਕਰ ਲਿਆ ਹੈ, ਜਿਵੇਂ ਇਕ ਸਮੇਂ ਪ੍ਰਕਾਸ਼ ਸਿੰਘ ਬਾਦਲ ਨੇ ਸਿੱਖ ਸਿਆਸਤ ਵਿਚ ਕੀਤਾ ਸੀ। ਅੱਜ ਬਿਨਾਂ ਸ਼ੱਕ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਮਰਜ਼ੀ ਤੋਂ ਬਿਨਾਂ ਪੱਤਾ ਨਹੀਂ ਹਿਲਦਾ- ਨਾ ਪਾਰਟੀ ਰਾਜਨੀਤੀ ਵਿਚ ਅਤੇ ਨਾ ਹੀ ਪ੍ਰਸ਼ਾਸਨ ਵਿਚ। ਦੂਜੇ ਪਾਸੇ ਕਾਂਗਰਸ ਦੇ ਅੰਦਰ ਹੀ ਬਹੁਤ ਸਾਰੇ ਵੱਡੇ ਛੋਟੇ ਲੋਕ ਹਨ ਜਿਹੜੇ ਉਨ੍ਹਾਂ ਦੀ ਸਰਕਾਰ ਵਿਚ ਅਫ਼ਸਰਸ਼ਾਹੀ ਨੂੰ ਭਾਰੂ ਹੋਇਆ ਮੰਨਦੇ ਹਨ। ਕੈਪਟਨ ਹਨ ਕਿ ਇਕ ਕੰਨੋ ਸੁਣਿਆ ਦੂਜੇ ਕੰਨੋਂ ਬਾਹਰ ਕੱਢ ਦਿਤਾ। ਜੇ ਇਹ ਸਭ ਕੁਝ ਉਨ੍ਹਾਂ ਦੀਆਂ ਸੱਤੇ ਖੈਰਾਂ ਵਾਲੇ ਹਾਲਾਤ ਨਹੀਂ ਹਨ ਤਾਂ ਫਿਰ ਹੋਰ ਕੀ ਹੈ? ਇਕ ਗੱਲ ਉਨ੍ਹਾਂ ਨੇ ਤਕਰੀਬਨ ਸਪੱਸ਼ਟ ਕਰ ਦਿਤੀ ਹੈ ਕਿ ਉਹ 2022 ਵਿਚ ਚੋਣ ਨਹੀਂ ਲੜਨਗੇ। ਸ਼ਾਇਦ ਇਸੇ ਲਈ ਉਹ ਰਾਜਨੇਤਾਵਾਂ ਅਤੇ ਪ੍ਰਸ਼ਾਸਨ ਦੋਹਾਂ ਨੂੰ ਅਪਣੀ ਮਰਜ਼ੀ ਮੁਤਾਬਕ ਚਲਾ ਰਹੇ ਹਨ। ਕੁਲ ਮਿਲਾ ਕੇ ਪਹਿਲਾਂ 2017 ਅਤੇ ਹੁਣ 2019 ਵਿਚ ਕੈਪਟਨ ਨੇ ਪੰਜਾਬ ਵਿਚ ਕਾਂਗਰਸ ਦਾ ਕਿਲਾ ਨਾ ਕੇਵਲ ਬਚਾਅ ਕੇ, ਸਗੋਂ ਬਹੁਤ ਮਜ਼ਬੂਤ ਕਰਕੇ ਕਾਂਗਰਸ ਹਾਈ ਕਮਾਂਡ ਅਤੇ ਖ਼ਾਸ ਕਰਕੇ ਰਾਹੁਲ ਗਾਂਧੀ ਅਤੇ ਸੋਨੀਆ ਗਾਂਧੀ ਨੂੰ ਇਹ ਅਹਿਸਾਸ ਕਰਵਾ ਦਿਤਾ ਹੈ ਕਿ ਪੂਰੇ ਦੇਸ਼ ਵਿਚ ਉਸ ਕੋਲ ਉਨ੍ਹਾਂ ਵਰਗਾ ਹੋਰ ਕੋਈ ਮੁੱਖ ਮੰਤਰੀ ਨਹੀਂ। ਗੱਲ ਤਾਂ ਇਥੋਂ ਸ਼ੁਰੂ ਕੀਤੀ ਸੀ ਕਿ ਕੈਪਟਨ ਅਮਰਿੰਦਰ ਸਿੰਘ ਸੱਚੀਮੁੱਖੀ ਕਿਸਮਤ ਦਾ ਧਨੀ ਹੈ। ਇਸ ਸੂਰਤ ਵਿਚ ਭਲਾ ਕਿਹੜੀ ਹਾਈ ਕਮਾਂਡ ਹੈ ਜਿਹੜੀ ਆਪਣੇ ਪੈਰ ਮਜ਼ਬੂਤੀ ਨਾਲ ਜਮਾਈ ਬੈਠੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕੰਮ ਵਿਚ ਖਾਹ ਮਖਾਹ ਦਖ਼ਲਅੰਦਾਜ਼ੀ ਕਰੇ। ਇਸੇ ਮਜ਼ਬੂਤੀ ਨੇ ਕੈਪਟਨ ਦੀ ਝੰਡੀ ਹੋਰ ਬੁਲੰਦ ਕਰ ਦਿਤੀ ਹੈ ਜਦਕਿ ਪੰਜਾਬ ਦੇ ਲੋਕ ਉਨ੍ਹਾਂ ਨੂੰ ਦੁਬਾਰਾ ਮੁੱਖ ਮੰਤਰੀ ਬਣਾ ਕੇ ਠੱਗੇ-ਠੱਗੇ ਮਹਿਸੂਸ ਕਰ ਰਹੇ ਹਨ।

ਸੰਪਰਕ ਨੰਬਰ 98141-22870
Email: shangarasinghbhullar@gmail.com

# ਲੋਕਤੰਤਰ ਵਿੱਚ ਨਾਗਰਿਕ ਦੇ ਅਧਿਕਾਰ ਸਭ ਤੋਂ ਉਪਰ

-ਪੂਨਮ ਆਈ ਕੌਸ਼ਿਸ਼

ਤੁਹਾਡੀ ਆਜ਼ਾਦੀ ਉਥੇ ਖਤਮ ਹੋ ਜਾਂਦੀ ਹੈ, ਜਿੱਥੋਂ ਮੇਰਾ ਨੱਕ ਸ਼ੁਰੂ ਹੁੰਦਾ ਹੈ ਅਤੇ ਕਿਸੇ ਦਾ ਖਾਣਾ ਦੂਜੇ ਵਿਅਕਤੀ ਦੇ ਲਈ ਜ਼ਹਿਰ ਹੁੰਦਾ ਹੈ। ਇਹ ਦੋ ਪੁਰਾਣੀਆਂ ਕਹਾਵਤਾਂ ਪੱਛਮੀ ਬੰਗਾਲ ਅਤੇ ਯੂ ਪੀ ਦੀਆਂ ਦੋ ਘਟਨਾਵਾਂ ਨਾਲ ਨਜਿੱਠਣ ਵਿੱਚ ਸਾਡੇ ਨੇਤਾਵਾਂ ਦੀ ਭੂਮਿਕਾ ਤੋਂ ਪੈਦਾ ਹੋਏ ਵਿਵਾਦ ਦਾ ਸਬੂਤ ਹਨ, ਜੋ ਇਸ ਗੱਲ ਨੂੰ ਸਾਬਤ ਕਰਦੀਆਂ ਹਨ ਕਿ ਜੇ ਸੱਤਾ ਕੰਟਰੋਲ ਤੋਂ ਬਾਹਰ ਹੋ ਜਾਏ ਤਾਂ ਉਸ ਦਾ ਕੀ ਪ੍ਰਭਾਵ ਪੈਂਦਾ ਹੈ।

ਪਹਿਲੀ ਘਟਨਾ ਵਿੱਚ ਸਾਰੇ ਭਾਰਤ ਦੇਸ਼ ਵਿੱਚ ਜਨ ਜੀਵਨ ਉਦੋਂ ਠੱਪ ਹੋ ਗਿਆ, ਜਦੋਂ ਕੋਲਕਾਤਾ ਦੇ ਦੋ ਜੂਨੀਅਰ ਡਾਕਟਰਾਂ ਉੱਤੇ ਕੀਤੇ ਗਏ ਹਮਲੇ ਦੇ ਵਿਰੋਧ ਵਿੱਚ ਸਾਰੇ ਜੂਨੀਅਰ ਡਾਕਟਰ ਹੜਤਾਲ 'ਤੇ ਚਲੇ ਗਏ। ਇਹ ਹਮਲਾ ਇੱਕ ਹਸਪਤਾਲ ਵਿੱਚ ਇੱਕ ਮਰੀਜ਼ ਦੀ ਮੌਤ ਤੋਂ ਬਾਅਦ ਉਸ ਦੇ ਰਿਸ਼ਤੇਦਾਰਾਂ ਨੇ ਕੀਤਾ ਸੀ ਤੇ ਉਸ ਵਿੱਚ ਦੋ ਡਾਕਟਰ ਗੰਭੀਰ ਜ਼ਖਮੀ ਹੋਏ ਸਨ। ਇਸ ਮਾਮਲੇ ਨੂੰ ਮੁੱਖ ਮੰਤਰੀ ਦੀ ਇਸ ਧਮਕੀ ਨੇ ਹੋਰ ਉਲਝਾ ਦਿੱਤਾ ਕਿ ਡਾਕਟਰ ਤੁਰੰਤ ਕੰਮ ਉਤੇ ਪਰਤ ਜਾਣ, ਨਹੀਂ ਤਾਂ ਉਨ੍ਹਾਂ ਨੂੰ ਇਸ ਦਾ ਨਤੀਜਾ ਭੁਗਤਣਾ ਪਵੇਗਾ, ਜਿਸ ਕਾਰਨ 400 ਤੋਂ ਵੱਧ ਸਰਕਾਰੀ ਹਸਪਤਾਲਾਂ ਦੇ ਡਾਕਟਰਾਂ ਨੇ ਅਸਤੀਫਾ ਦੇ ਦਿੱਤਾ। ਕੋਈ ਵੀ ਹਸਪਤਾਲ ਨਹੀਂ ਚਾਹੁੰਦਾ ਕਿ ਉਸ ਦੇ ਡਾਕਟਰ ਉਤੇ ਕੋਈ ਹਮਲਾ ਕਰੇ ਅਤੇ ਮਮਤਾ ਬੈਨਰਜੀ ਨੂੰ ਚਾਹੀਦਾ ਸੀ ਕਿ ਉਹ ਸਬਰ ਤੇ ਸੰਜਮ ਤੋਂ ਕੰਮ ਲੈਂਦਿਆਂ ਡਾਕਟਰਾਂ ਤੋਂ ਮੁਆਫੀ ਮੰਗ ਲੈਂਦੀ।

ਦੂਜੀ ਘਟਨਾ ਉੱਤਰ ਪ੍ਰਦੇਸ਼ ਦੀ ਹੈ, ਜਿੱਥੇ ਪੁਲਸ ਨੇ ਉਸ ਸੂਬੇ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦਾ ਅਕਸ ਖਰਾਬ ਕਰਨ ਦੇ ਸੰਬੰਧ 'ਚ ਇੱਕ ਪੱਤਰਕਾਰ ਵੱਲੋਂ ਪੋਸਟ ਕੀਤੇ ਵੀਡੀਓ ਤੋਂ ਬਾਅਦ ਉਸ ਦੀ ਗ੍ਰਿਫਤਾਰੀ ਕਰ ਲਈ ਸੀ। ਇਸ ਵੀਡੀਓ ਨੂੰ ਟਵਿੱਟਰ ਅਤੇ ਫੇਸਬੁਕ 'ਤੇ ਪੋਸਟ ਕੀਤਾ ਗਿਆ ਤੇ ਇਸ ਵਿੱਚ ਦਿਖਾਇਆ ਗਿਆ ਹੈ ਕਿ ਇੱਕ ਔਰਤ ਦਾਅਵਾ ਕਰ ਰਹੀ ਹੈ ਕਿ ਮੁੱਖ ਮੰਤਰੀ ਨੇ ਉਸ ਨੂੰ ਫੇਸਬੁਕ ਅਤੇ ਟਵਿੱਟਰ ਉਤੇ ਵਿਆਹ ਦੀ ਪੇਸ਼ਕਸ਼ ਕੀਤੀ ਸੀ। ਤਿੰਨ ਦਿਨਾਂ ਬਾਅਦ ਸੁਪਰੀਮ ਕੋਰਟ ਦੇ ਦਖਲ ਪਿੱਛੋਂ ਪੱਤਰਕ-ਾਰ ਨੂੰ ਰਿਹਾਅ ਕਰ ਦਿੱਤਾ ਗਿਆ ਤੇ ਨਾਲ ਅਦਾਲਤ ਨੇ ਕਿਹਾ ਕਿ ਆਜ਼ਾਦੀ ਦੇ ਅਧਿਕਾਰ ਨਾਲ ਕਿਸੇ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ ਜਾ ਸਕਦਾ ਤੇ ਭੀੜ ਦੇ ਡਰ ਨਾਲ ਬੋਲਣ ਦੀ ਆਜ਼ਾਦੀ 'ਤੇ ਪਾਬੰਦੀ ਨਹੀਂ ਲਾਈ ਜਾ ਸਕਦੀ।

ਤੁਸੀਂ ਮੈਨੂੰ ਬੇਵਕੂਫ ਕਹਿ ਸਕਦੇ ਹੋ, ਪਰ ਇੱਕ ਹੋਰ ਪ੍ਰੈਸ ਵਾਲੇ ਨੂੰ ਕੁੱਟਿਆ ਗਿਆ, ਉਸ ਨੂੰ ਨੰਗਾ ਕੀਤਾ ਗਿਆ ਤੇ ਉਸ ਦੇ ਮੂੰਹ ਵਿੱਚ ਪਿਸ਼ਾਬ ਕੀਤਾ ਗਿਆ। ਉਸ ਦਾ ਦੋਸ਼ ਇਹ ਸੀ ਕਿ ਉਹ ਇੱਕ ਰੇਲ ਦੁਰਘਟਨਾ ਨੂੰ ‘ਕਵਰ’ ਕਰ ਰਿਹਾ ਸੀ। ਬੰਗਲੌਰ 'ਚ ਮੁੱਖ ਮੰਤਰੀ ਕੁਮਾਰਸਵਾਮੀ ਨੇ ਇੱਕ ਹੋਰ ਪੱਤਰਕਾਰ ਨੂੰ ਉਸ ਦਾ ਅਕਸ ਖਰਾਬ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕਰਵ-ਾਇਆ। ਉਸ ਤੋਂ ਪਹਿਲਾਂ ਮਮਤਾ ਬੈਨਰਜੀ ਨੇ ਆਪਣੀ ਇੱਕ ਕੱਟੜ ਵਿਰੋਧੀ ਨੌਜਵਾਨ ਭਾਜਪਾ ਨੇਤਾ ਨੂੰ ਫੇਸਬੁਕ ਉੱਤੇ ਉਨ੍ਹਾਂ ਦੇ ਮੀਮ ਪੋਸਟ ਕਰਨ ਲਈ ਗ੍ਰਿਫਤਾਰ ਕਰਵਾਇਆ ਸੀ। ਇਸ ਫੇਸਬੁਕ ਪੋਸਟ ਵਿੱਚ ਮਮਤਾ ਦਾ ਚਿਹਰਾ ਪ੍ਰਿਅੰਕਾ ਚੋਪੜਾ ਦੇ ਨੈਟ ਗਾਲਾ 2019 ਦੀ ਦਿੱਖ ਵਰਗਾ ਦਿਖਾਇਆ ਗਿਆ ਸੀ। ਉਸ ਭਾਜਪਾ ਨੇਤਾ ਨੂੰ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਅਤੇ ਬਿਨਾਂ ਸ਼ਰਤ ਮੁਆਫੀ ਮੰਗਣ ਲਈ ਕਿਹਾ ਗਿਆ। ਤ੍ਰਿਪੁਰਾ ਵਿੱਚ ਦੋ ਪੱਤਰਕਾਰਾਂ ਨੂੰ ਮੁੱਖ ਮੰਤਰੀ ਵਿਪਲਬ ਦੇਵ ਦੇ ਨਿੱਜੀ ਜੀਵਨ ਬਾਰੇ ਫੇਸਬੁਕ 'ਤੇ ਫੇਕ ਨਿਊਜ਼ ਪੋਸਟ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ। ਉੜੀਸਾ ਦੇ ਇੱਕ ਪੱਤਰਕਾਰ ਨੂੰ 13ਵੀਂ ਸਦੀ ਦੇ ਕੋਨਾਰਕ ਸੂਰਯ ਮੰਦਰ ਦੇ ਕਾਮ-ਉਤੇਜਕ ਭਿੱਤੀ ਚਿੱਤਰਾਂ ਬਾਰੇ ਅਪਮਾਨ ਜਨਕ ਟਵੀਟ ਕਰਨ ਲਈ ਗ੍ਰਿਫਤਾਰ ਕੀਤਾ ਗਿਆ। ਉਤਰਾਖੰਡ ਦੇ ਇੱਕ ਪਿੰਡ 'ਚ ਇੱਕ ਲੜਕੇ ਨੰ ਇਸ ਲਈ ਗ੍ਰਿਫਤਾਰ ਕੀਤਾ ਗਿਆ ਕਿ ਉਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਤਰਾਜ਼ਯੋਗ ਫੋਟੋ ਪੋਸਟ ਕੀਤੀ ਸੀ।

ਦੁਖਦਾਈ ਤੱਥ ਇਹ ਹੈ ਕਿ ਅੱਜ ਹਿੰਸਾ ਤੇ ਅਸਹਿਣਸ਼ੀਲਤਾ ਵਧਦੀ ਜਾ ਰਹੀ ਹੈ। ਕਿਸੇ ਵੀ ਅਖਬਾਰ ਨੂੰ ਚੁੱਕੇ ਜਾਂ ਟੀ ਵੀ ਚੈਨਲ ਨੂੰ ਦੇਖੋ, ਸਮਾਜਕ ਪਾੜੇ ਅਤੇ ਵੈਰ-ਵਿਰੋਧ ਦੀਆਂ ਖਬਰਾਂ ਸੁਰਖੀਆਂ ਵਿੱਚ ਰਹਿੰਦੀਆਂ ਹਨ। ਭਾਰਤ ਵਿੱਚ ਵਿਰੋਧ ਮੁਜ਼ਾਹਰਿਆਂ ਦਾ ਦੌਰ ਚੱਲ ਰਿਹਾ ਹੈ ਅਤੇ ‘ਤਕੜੇ ਦਾ ਸੱਤੀਂ ਵੀਹੀਂ ਸੌ' ਦੇ ਸਿਧਾਂਤ ਅਨੁਸਾਰ ਕੰਮ ਹੋ ਰਹੇ ਹਨ।

ਤੁਸੀਂ ਉਤਰ, ਦੱਖਣ, ਪੂਰਬ, ਪੱਛਮ ਕਿਤੇ ਵੀ ਚਲੇ ਜਾਓ, ਸਥਿਤੀ ਇੱਕੋ ਜਿਹੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਪਿਛਲੇ ਸਾਲ ਸੋਸ਼ਲ ਮੀਡੀਆ ਉੱਤੇ ਪੋਸਟ ਲਈ 50 ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ। ਕਿਸੇ ਫਿਲਮ, ਕਿਤਾਬ ਜਾਂ ਕਹਾਣੀ 'ਚ ਕੋਈ ਮਜ਼ਾਕ ਕੀਤਾ ਜਾਵੇ ਜਾਂ ਜੋ ਨੇਤਾਵਾਂ ਦੀ ਇੱਛਾ ਮੁਤਾਬਕ ਨਾ ਹੋਵੇ, ਉਸ ਦਾ ਵਿਰੋਧ ਹੋਣ ਲੱਗਦਾ ਹੈ ਤੇ ਕਈ ਵਾਰ ਦੇਸ਼ਧਰੋਹ ਦਾ ਕੇਸ ਦੱਸ ਕੇ ਕਿਤਾਬ ਦੇ ਲੇਖਕ ਜਾਂ ਫਿਲਮ ਨਿਰਮਾਤਾ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਹੈ।

ਸਵਾਲ ਉਠਦਾ ਹੈ ਕਿ ਕੀ ਹੜਤਾਲ, ਕਾਰਟੂਨ, ਟਵੀਟਜਾਂ ਮੀਮ ਸੱਚਮੁੱਚ ਪ੍ਰਗਟਾਵੇ ਦੀ ਆਜ਼ਾਦੀ ਹਨ ਜਾਂ ਮੌਲਿਕ ਅਧਿਕਾਰਾਂ ਦੇ ਘਾਣ ਦਾ ਸਾਧਨ ਹਨ? ਕੀ ਸਾਡੇ ਨੇਤਾ ਸਾਡੇ ਜਨਤਕ ਜੀਵਨ ਵਿੱਚ ਵਿਚਾਰਾਂ ਦੇ ਟਕਰਾਅ ਤੋਂ ਬਚਦੇ ਹਨ? ਕੁਝ ਲੋਕ ਇਸ ਨੂੰ ‘ਸਭ ਚੱਲਦਾ ਹੈ’ ਕਹਿ ਕੇ ਟਾਲ ਦਿੰਦੇ ਹਨ। ਇਹ ਮੇਰੇ ਮਹਾਨ ਭਾਰਤ ਦਾ ਸਭ ਤੋਂ ਵਿਗੜਿਆ ਚਿਹਰਾ ਹੈ। ਕਾਰਨ ਮਹੱਤਵ ਪੂਰਨ ਨਹੀਂ ਤੇ ਇਸ ਦਾ ਸਰੋਕਾਰ ਸਿਰਫ ਵਿਰੋਧ ਪ੍ਰਗਟਾਉਣ ਨਾਲ ਹੈ। ਜਿੰਨੀ ਉਚੀ ਆਵਾਜ਼ ਵਿੱਚ ਵਿਰੋਧ ਪ੍ਰਗਟ ਕਰੋਗੇ, ਓਨਾ ਚੰਗਾ। ਤੁਹਾਨੂੰ ਯਾਦ ਹੋਵੇਗਾ ਕਿ ਮਮਤਾ ਬੈਨਰਜੀ ਨੇ ਕੋਲਕਾਤਾ ਵਿੱਚ ਕਾਰਟੂਨਿਸਟ ਅਸੀਮ ਤ੍ਰਿਵੇਦੀ ਨੂੰ ਦੇਸ਼ ਧ੍ਰੋਹ ਦੇ ਦੋਸ਼ ਵਿੱਚ ਵੀ ਗ੍ਰਿਫਤਾਰ ਕਰਾਇਆ ਸੀ। ਉਸ ਤੋਂ ਪਹਿਲਾਂ ਪ੍ਰਸਿੱਧ ਕਾਰਟੂਨਿਸਟ ਸ਼ੰਕਰ ਦੇ ਅੰਬੇਡਕਰ ਬਾਰੇ ਬਣਾਏ ਕਾਰਟੂਨ ਨੂੰ ਐੱਨ ਸੀ ਈ ਆਰ ਟੀ ਦੀਆਂ ਕਿਤਾਬਾਂ ਵਿੱਚੋਂ ਹਟਾ ਦਿੱਤਾ ਗਿਆ ਸੀ। ਤਾਮਿਲ ਨਾਡੂ ਵਿੱਚ ਪ੍ਰਸਿੱਧ ਫਿਲਮ ਅਭਿਨੇਤਾ ਕਮਲ ਹਸਨ ਦੀ 100 ਕਰੋੜ ਦੇ ਬਜਟ ਵਾਲੀ ਫਿਲਮ ‘ਵਿਸ਼ਵਰੂਪਮ’ ਉੱਤੇ ਪਾਬੰਦੀ ਲਾ ਦਿੱਤੀ ਗਈ, ਕਿਉਂਕਿ ਇਸ ਵਿੱਚ ਮੁੱਖ ਵਿਸ਼ਾ ਅੱਤਵਾਦ ਸੀ ਅਤੇ ਸਰਕਾਰ ਨੂੰ ਖਦਸ਼ਾ ਸੀ ਕਿ ਇਸ ਨਾਲ ਅਣਪਛਾਤੇ ਮੁਸਲਿਮ ਸਮੂਹਾਂ ਦੀਆਂ ਭਾਵਨਾਵਾਂ ਨੂੰ ਠੇਸ ਲੱਗੇਗੀ ਅਤੇ ਕਾਨੂੰਨ ਵਿਵਸਥਾ ਦੀ ਸਮੱਸਿਆ ਪੈਦਾ ਹੋ ਸਕਦੀ ਹੈ।

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਖੁਦ ਦੇਸ਼ ਧ੍ਰੋਹ ਕਾਨੂੰਨ ਨੂੰ ਇਤਰਾਜ਼ ਯੋਗ ਤੇ ਗੈਰ ਜ਼ਰੂਰੀ ਦੱਸ ਚੁੱਕੇ ਸਨ। ਸਾਡੇ ਨੇਤਾ ਭੁੱਲ ਜਾਂਦੇ ਹਨ ਕਿ ਸੰਵਿਧਾਨ ਵਿੱਚ ਧਾਰਾ-19 ਵੀ ਹੈ, ਜਿਸ ਵਿੱਚ ਸਾਰੇ ਨਾਗਰਿਕਾਂ ਨੂੰ ਪ੍ਰਗਟਾਵੇ ਦੀ ਆਜ਼ਾਦੀ ਦਿੱਤੀ ਗਈ ਹੈ। ਇਹ ਪਰਮ ਅਧਿਕਾਰ ਨਹੀਂ, ਪਰ ਲੋਕਤੰਤਰ ਨਾ ਭੀੜਤੰਤਰ ਹੈ ਅਤੇ ਨਾ ਹੀ ਅਵਿਵਸਥਾ ਪੈਦਾ ਕਰਨ ਦਾ ਲਾਇਸੈਂਸ। ਇਹ ਫਰਜ਼ਾਂ ਤੇ ਅਧਿਕਾਰਾਂ, ਆਜ਼ਾਦੀ ਅਤੇ ਜ਼ਿੰਮੇਵਾਰੀਆਂ ਵਿਚਾਲੇ ਸੰਤੁਲਨ ਹੈ। ਕਿਸੇ ਵਿਅਕਤੀ ਦੀ ਆਜ਼ਾਦੀ ਨਾਲ ਜ਼ਿੰਮੇਵਾਰੀ ਅਤੇ ਦੂਜੇ ਵਿਅਕਤੀ ਦੀ ਆਜ਼ਾਦੀ ਵੀ ਜੁੜੀ ਹੋਈ ਹੈ।

ਇਸ ਨਾਲ ਸਵਾਲ ਉਠਦਾ ਹੈ ਕਿ ਕੀ ਹਾਕਮਾਂ ਦਾ ਸ਼ੋਭਾਹੀਣ ਵਰਤਾਓ ਮੁਆਫ ਕਰ ਦੇਣਾ ਚਾਹੀਦਾ ਹੈ? ਕੀ ਨੇਤਾ ਬੇਪ੍ਰਵਾਹ ਹੋ ਕੇ ਕਿਸੇ ਨਾਲ ਅਜਿਹਾ ਸਲੂਕ ਕਰਦੇ ਹਨ? ਕੀ ਨੇਤਾ ਜਨਤਕ ਜੀਵਨ ਵਿੱਚ ਵਿਚਾਰਾਂ ਦੇ ਟਕਰਾਅ ਤੋਂ ਡਰਦੇ ਹਨ, ਕਿਉਂਕਿ ਇੱਕ ਮੁੱਖ ਪੀੜਤ ਧਿਰ ਦੀ ਗੱਲ ਸੁਣੇ ਬਿਨਾਂ ਧਮਕੀ ਦਿੰਦੀ ਹੈ? ਕੀ ਨੇਤਾ ਆਪਣੇ ਆਪ 'ਚ ਕਾਨੂੰਨ ਹਨ ਅਤੇ ਕਾਨੂੰਨ ਦੇ ਜ਼ਰੀਏ ਰਾਜ ਕਰਦੇ ਹਨ?

ਪਿੱਛੇ ਜਿਹੇ ਇੱਕ ਪਾਰਲੀਮੈਂਟ ਮੈਂਬਰ ਨੇ ਇੱਕ ਏਅਰਲਾਈਨ ਦੇ ਮੁਲਾਜ਼ਮ ਨੂੰ ਧਮਕੀ ਦਿੱਤੀ ਸੀ। ਜੇ ਨੇਤਾਵਾਂ ਦਾ ਵਿਹਾਰ ਅਕਸਰ ਇਹੋ ਹੈ ਤਾਂ ਫਿਰ ਉਨ੍ਹਾਂ ਦੇ ਸਮਰਥਕ ਜਾਂ ਉਹ ਇਹ ਆਸ ਕਿਉਂ ਕਰਦੇ ਹਨ ਕਿ ਉਨ੍ਹਾਂ ਦਾ ਮਜ਼ਾਕ ਨਹੀਂ ਉਡਾਇਆ ਜਾਵੇਗਾ? ਕੀ ਅਸੀਂ ਇੱਕ ਆਜ਼ਾਦ ਦੇਸ਼ 'ਚ ਨਹੀਂ ਰਹਿੰਦੇ? ਕਿਸੇ ਦਾ ਮਜ਼ਾਕ ਉਡਾਉਣਾ ਲੋਕਤੰਤਰ 'ਚ ਕੋਈ ਅਪਰਾਧ ਨਹੀਂ ਮੰਨਿਆ ਜਾ ਸਕਦਾ। ਸਾਨੂੰ ਅਜਿਹੇ ਨੇਤਾ ਨਹੀਂ ਚਾਹੀਦੇ, ਜੋ ਸਾਨੂੰ ਇਹ ਦੱਸਣ ਕਿ ਅਸੀਂ ਕੀ ਦੇਖੀਏ, ਕੀ ਪੜ੍ਹੀਏ, ਕੀ ਪਹਿਨੀਏ ਤੇ ਕੀ ਖਾਈਏ? ਅਸੀਂ ਇਨ੍ਹਾਂ ਸਭ ਚੀਜ਼ਾਂ ਲਈ ਆਜ਼ਾਦ ਹਾਂ, ਵਰਨਾ ਉਹ ਦਿਨ ਦੂਰ ਨਹੀਂ, ਜਦੋਂ ਭਾਰਤ ਵੀ ਸਾਊਦੀ ਅਰਬ ਜਾਂ ਉਤਰੀ ਕੋਰੀਆ ਵਰਗਾ ਹੋ ਜਾਵੇਗਾ, ਜਿੱਥੇ ਨੇਤਾਵਾਂ ਦਾ ਮਜ਼ਾਕ ਉਡਾਉਣ ਦੀ ਸਜ਼ਾ ਦਿੱਤੀ ਜਾਂਦੀ ਹੈ, ਫਿਲਮਾਂ ਬਣਾਉਣ 'ਤੇ ਪਾਬੰਦੀ ਹੈ। ਸਾਡੇ ਡਾਕਟਰਾਂ ਨੂੰ ਸਮਝਣਾ ਪਵੇਗਾ ਕਿ ਇਹ ਲੋਕਤੰਤਰ ਵਿੱਚ ਨੀਤੀਆਂ ਵਿੱਚ ਤਬਦੀਲੀ ਦੀ ਇੱਛਾ ਰੱਖਣ ਦੀ ਲੋੜ ਹੈ, ਪਰ ਇਸ ਸਭ ਨਾਲ ਲੋਕਾਂ ਨੂੰ ਪ੍ਰੇਸ਼ਾਨੀ ਪੈਦਾ ਹੁੰਦੀ ਹੈ। ਤਿੱਖੇ ਤੇਵਰ ਦਿਖਾ ਕੇ ਸਿਰਫ ਵਕਤੀ ਰਾਹਤ ਮਿਲਦੀ ਹੈ। ਸਮਾਜਕ ਨਜ਼ਰੀਏ ਤੋਂ ਇਹ ਇੱਕ ਮਜ਼ਬੂਤ ਸਮਾਜ ਦੇ ਨਿਰਮਾਣ ਦਾ ਉਪਾਅ ਨਹੀਂ ਹੈ। ਫਿਰ ਭਾਰਤ ਦਾ ਰਾਹ ਕੀ ਹੋਵੇਗਾ?

ਨੇਤਾਵਾਂ ਨੂੰ ਸਮਝਣਾ ਪਵੇਗਾ ਕਿ ਦੁਨੀਆ ਦੇ ਨੇਤਾ ਆਪਣੇ ਬਾਰੇ ਲਿਖੀ ਜਾਂ ਦਰਸਾਈ ਸਮੱਗਰੀ ਪ੍ਰਤੀ ਸਹਿਣਸ਼ੀਲ ਹੁੰਦੇ ਹਨ। ਇਸ ਦੀ ਭਖਦੀ ਮਿਸਾਲ ਇਟਲੀ ਦੇ ਸਾਬਕਾ ਪ੍ਰਧਾਨ ਮੰਤਰੀ ਅਰਬਪਤੀ ਪਲੇਅ ਬੁਆਏ ਬਰਲੂਸਕੋਨੀ ਹਨ, ਜਿਨ੍ਹਾਂ ਦੀ ਦੁਨੀਆ ਭਰ 'ਚ ਪ੍ਰਿੰਟ ਅਤੇ ਆਨਲਾਈਨ ਮੀਡੀਆ 'ਤੇ ਖੂਬ ਖਿਚਾਈ ਕੀਤੀ ਗਈ। ਅਮਰੀਕਾ ਅਤੇ ਬ੍ਰਿਟੇਨ ਦੇ ਲੋਕ ਆਪਣੇ ਸ਼ਾਸਕਾਂ ਦੀ ਖਿਚਾਈ ਕਰਨ ਵਿੱਚ ਪੂਰੀ ਆਜ਼ਾਦੀ ਦੀ ਵਰਤੋਂ ਕਰਦੇ ਹਨ। ਕੁੱਲ ਮਿਲਾ ਕੇ ਨੇਤਾਵਾਂ ਨੂੰ ਇਹ ਸੰਦੇਸ਼ ਦਿੱਤਾ ਜਾਣਾ ਚਾਹੀਦਾ ਹੈ ਕਿ ਨਾਗਰਿਕਾਂ ਦੇ ਅਧਿਕਾਰ ਸਭ ਤੋਂ ਉਪਰ ਹਨ। ਕੋਈ ਵੀ ਨੇਤਾ ਜਾਂ ਗਰੁੱਪ ਹਿੰਸਾ ਦੀ ਧਮਕੀ ਨਹੀਂ ਦੇ ਸਕਦਾ। ਜੇ ਉਹ ਅਜਿਹਾ ਕਰਦੇ ਹਨ ਤਾਂ ਉਨ੍ਹਾਂ ਦੀ ਸੁਣਵਾਈ ਦਾ ਅਧਿਕਾਰ ਖਤਮ ਕੀਤਾ ਜਾਣਾ ਚਾਹੀਦਾ ਹੈ। ਅਸੀਂ ਇੱਕ ਸਭਿਅਕ ਸਮਾਜ 'ਚ ਰਹਿੰਦੇ ਹਾਂ। ਜਾਰਜ ਓਰਵੇਲ ਨੇ ਕਿਹਾ ਸੀ ਕਿ ਜੇ ਆਜ਼ਾਦੀ ਦਾ ਕੋਈ ਅਰਥ ਹੈ ਤਾਂ ਉਹ ਇਹ ਕਿ ਲੋਕਾਂ ਨੂੰ ਇਹ ਕਹਿਣ ਦਾ ਅਧਿਕਾਰ ਹੈ ਕਿ ਉਹ ਕੀ ਸੁਣਨਾ ਨਹੀਂ ਚਾਹੁੰਦੇ।

ਕੀ ਅਜਿਹੇ ਦੇਸ਼ ਵਿੱਚ ਆਜ਼ਾਦੀ ਦੀ ਹੋਂਦ ਬਚੀ ਰਹਿ ਸਕਦੀ ਹੈ, ਜਿੱਥੇ ਕਿਸੇ ਮਜ਼ਾਕ ਨੂੰ ‘ਅਪਰਾਧ’ ਬਣਾ ਦਿੱਤਾ ਜਾਂਦਾ ਹੈ? ਸਾਡੇ ਨੇਤਾਵਾਂ ਨੂੰ ਅਜਿਹੀ ਸੌੜੀ ਮਾਨਸਿਕਤਾ ਛੱਡਣੀ ਪਵੇਗੀ, ਨਹੀਂ ਤਾਂ ਸਾਨੂੰ ਕਦੇ ਨਾ ਕੇਦ ਇਹ ਕਹਿਣਾ ਪਵੇਗਾ- ‘ਬੰਦ ਕਰੋ ਇਹ ਨਾਟਕ।’

ਜਸਵੰਤ ਸਿੰਘ ਕੰਵਲ ਦੀ ਜਨਮ ਸ਼ਤਾਬਦੀ

# ਪੁਸਤਕ ‘ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ’ ਦਾ ਮੁੱਢਲਾ ਕਾਂਡ

## ਮਾਹਲੇ ਕਾ ਬੰਤਾ-1




ਕੰਵਲ ਦੇ ਗੁਆਂਢੀ ਮਹਿੰਗੇ ਦੇ ਦੱਸਣ ਮੁਜਬ ਉਹਦੀ ਮੁੱਢਲੀ ਪਛਾਣ 'ਮਾਹਲੇ ਕਾ ਬੰਤਾ' ਸੀ। ਮਾਹਲੇ ਕਾ ਬੰਤਾ ਨਿੱਕਾ ਹੁੰਦਾ ਮਾਲ ਡੰਗਰ ਚਾਰਦਾ, ਕੌਡੀਬਾਡੀ ਖੇਡਦਾ, ਛਾਲਾਂ ਲਾਉਂਦਾ, ਇਲਤਾਂ ਕਰਦਾ, ਬਾਤਾਂ ਪਾਉਂਦਾ ਤੇ ਹੀਰ ਦੀਆਂ ਬੈਂਤਾਂ ਗਾਉਂਦਾ ਸੀ। ਆਂਢ ਗੁਆਂਢ ਤੇ ਆਏ ਗਏ ਦਾ ਜੀਅ ਲੁਆਉਂਦਾ ਸੀ। ਕਦੇ ਕਦੇ ਡੂੰਘੀਆਂ ਸੋਚਾਂ ’ਚ ਡੁੱਬ ਜਾਂਦਾ ਸੀ। ਸਿਰ ਤੋਂ ਬਾਪ ਦਾ ਸਾਇਆ ਜੁ ਉਠ ਚੁੱਕਾ ਸੀ। ਉਦੋਂ ਕਿਸੇ ਦੇ ਖ਼ਾਬ ਖਿਆਲ ਵਿਚ ਨਹੀਂ ਸੀ ਕਿ ਉਹ ਪੰਜਾਬੀ ਦਾ ਨਾਮਵਰ ਨਾਵਲਕਾਰ ਬਣੇਗਾ ਤੇ ਉਹਦੇ ਨਾਂ ਨਾਲ ਉਹਦਾ ਪਿੰਡ ਢੁੱਡੀਕੇ ਹੋਰ ਮਸ਼ਹੂਰ ਹੋਵੇਗਾ।

ਉਹਦਾ ਜਨਮ27 ਜੂਨ 1919 ਨੂੰ ਢੁੱਡੀਕੇ ਦੀ ਕਪੂਰਾ ਪੱਤੀ ਵਿਚ ਸ. ਮਾਹਲਾ ਸਿੰਘ ਗਿੱਲ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖੋਂ ਹੋਇਆ ਸੀ। ਉਸ ਦੇ ਦਾਦੇ ਦਾ ਨਾਂ ਪੰਜਾਬ ਸਿੰਘ ਸੀ ਜੋ ਉੱਚੇ ਲੰਮੇ ਕੱਦ ਦਾ ਸਿਰੜੀ ਕਿਸਾਨ ਸੀ। ਉਹ ਤੜਕੇ ਉਠ ਕੇ ਹਲ ਜੋੜਦਾ, ਖੇਤ ਵਾਹੁੰਦਾ, ਪੱਠਾ ਦੱਥਾ ਕਰਦਾ ਤੇ ਸਾਰਾ ਦਿਨ ਮਿੱਟੀ ਨਾਲ ਮਿੱਟੀ ਹੁੰਦਾ ਰਹਿੰਦਾ। ਖੇਤਾਂ ਦੀ ਵਿਰਾਸਤ, ਕਿਰਤ ਤੇ ਕਿਰਸਾਣੀ ਕੰਵਲ ਨੂੰ ਵਿਰਸੇ ਵਿਚ ਮਿਲੀ। ਉਹਦੀਆਂ ਲਿਖਤਾਂ ਵਿਚ ਵੀ ਕਿਰਸਾਣੀ ਉਹਦੇ ਹੱਡੀਂ ਰਚੀ ਦਿਸਦੀ ਹੈ। ਪੰਜਾਬ ਦਾ ਕਿਸਾਨ ਉਹਦੇ ਨਾਵਲਾਂ ਦਾ ਹੀਰੋ ਹੈ।

ਕੰਵਲ ਦਾ ਪਿਤਾ ਮਾਹਲਾ ਸਿੰਘਵੀ ਸਿਰੜੀ ਕਿਸਾਨ ਸੀ। ਉਸ ਦੀ ਜ਼ਮੀਨਭਾਵੇਂ ਚੋਖੀਸੀ ਪਰ ਸੇਂਜੂ ਘੱਟ ਸੀ ਤੇ ਮਾਰੂ ਵੱਧ। ਖੇਡ ਪੰਜ ਛੇ ਥਾਈਂ ਖਿਲਰੇ ਹੋਏ ਸਨ। ਦਾਣੇ ਮਸਾਂ ਖਾਣ ਜੋਗੇ ਹੁੰਦੇ।ਜ਼ਮੀਨ ਦੇ ਸਿਰ ’ਤੇ ਉਹ ਗੁਆਂਢੀ ਪਿੰਡ ਚੂਹੜਚੱਕ ਦੇ ਖਾਂਦੇ ਪੀਂਦੇ ਪਰਿਵਾਰ ਵਿਚ ਵਿਆਹਿਆ ਗਿਆ ਸੀ। ਉਹਦੇ ਘਰ ਤਿੰਨ ਪੁੱਤਰ ਹੋਏ ਤੇ ਤਿੰਨ ਧੀਆਂ। ਸਭ ਤੋਂ ਵੱਡਾ ਕਰਤਾਰ ਸਿੰਘ ਸੀ ਜਿਸ ਨੂੰ ਪਿੰਡ ਵਾਲੇ ਗਿਆਨੀ ਕਹਿੰਦੇ ਸਨ। ਉਂਜ ਉਹ ਗਿਆਨੀ ਪਾਸ ਨਹੀਂ ਸੀ ਤੇ ਨਾ ਹੀ ਗੁਰਦਵਾਰੇ ਦਾ ਪਾਠੀ ਸੀ। ਉਹ ਜ਼ਿਲ੍ਹਾ ਫਿਰੋਜ਼ਪੁਰ ਦੇ ਡਿਸਟ੍ਰਿਕ ਬੋਰਡ ਦਾ ਮੈਂਬਰ ਸੀਜੋ 1937 ਤੋਂ 1954 ’ਚ ਬੋਰਡ ਟੁੱਟਣ ਤਕ ਮੈਂਬਰ ਬਣਿਆ ਰਿਹਾ। ਤਿੰਨਾਂ ਭੈਣਾਂਸਨ ਕਰਤਾਰ ਕੌਰ, ਭਗਵਾਨ ਕੌਰ ਤੇ ਬਚਿੰਤ ਕੌਰ। ਜਸਵੰਤ ਸਿੰਘ ਤੋਂ ਛੋਟੇ ਭਰਾ ਦਾ ਨਾਂ ਹਰਬੰਸ ਸਿੰਘ ਸੀ। ਕੰਵਲ ਦੇ ਪੰਜੇ ਭੈਣ ਭਰਾ ਅੱਗੇ ਪਿੱਛੇ ਚਲਾਣਾ ਕਰ ਚੁੱਕੇ ਹਨ।ਸਾਰੇ ਅੱਸੀ ਨੱਬੇ ਸਾਲ ਤੋਂ ਵੱਧ ਜੀਵੇ।

ਮਾਹਲਾ ਸਿੰਘ ਬੇਸ਼ਕ ਅਣਪੜ੍ਹ ਸੀ ਪਰ ਗੁਰਬਾਣੀ ਸਮਝਦਾ ਤੇ ਸਤਿਕਾਰਦਾ ਸੀ। ਉਹਦੇ ਮਨ ਵਿਚ ਸਿੱਖੀ ਦਾ ਜਜ਼ਬਾ ਬੜਾ ਪਰਬਲ ਸੀ। ਘਰ ਦਾ ਵਾਤਾਵਰਣ ਧਾਰਮਿਕ ਸੀ। ਇਹੋ ਕਾਰਨ ਸੀ ਕਿ ਉਹ ਜੈਤੋ ਦੇ ਮੋਰਚੇ ਵਿਚ ਜਾਣ ਲਈ ਸ਼ਹੀਦੀ ਜਥੇ ’ਚ ਸ਼ਾਮਲ ਹੋ ਗਿਆ ਸੀ। ਜਦੋਂ ਨਾਭੇ ਦੀ ਕੈਦ ਕੱਟ ਕੇਪਿੰਡ ਆਇਆ ਤਾਂ ਬਿਮਾਰ ਹੋ ਗਿਆ ਅਤੇ ਅਧੇੜ ਉਮਰ ਵਿਚ ਹੀ ਚਲ ਵਸਿਆ। ਬੰਤਾ ਉਦੋਂ ਕੇਵਲ ਪੰਜ ਸਾਲ ਦਾ ਬਾਲਕ ਸੀ। ਬਾਪ ਨੇ ਪੁੱਤ ਨੂੰ ਸੀਨੇ ਨਾਲ ਲਾਇਆ। ਜਾਂਦੀ ਵਾਰ ਦਾ ਪਿਆਰ ਦਿੱਤਾ। ਬੰਤਾ ਬਾਪ ਦੀ ਹਿੱਕ ’ਤੇ ਪਿਆ ਸੀ ਜਦ ਬਾਪ ਨੇ ਪ੍ਰਾਣ ਛੱਡੇ। ਉਸ ਦਾ ਛੋਟਾ ਭਰਾ ਹਰਬੰਸ ਸਿੰਘ ਮਾਂ ਦੇ ਕੁੱਛੜ ਸੀ। ਉਨ੍ਹਾਂ ਦੇ ਨਾਨਾ ਤੇ ਨਾਨੀ ਪਹਿਲਾਂ ਹੀ ਗੁਜ਼ਰ ਚੁੱਕੇ ਸਨ। ਛੇ ਬੱਚੇ ਲੈ ਕੇ ਮਾਂ ਕਿਧਰ ਜਾਂਦੀ? ਵੱਡਾ ਭਰਾ ਕਰਤਾਰ ਸਿੰਘ ਉਦੋਂ ਸਤਾਰਾਂ ਸਾਲਾਂ ਦਾ ਸੀ। ਸੋ ਸਾਰੇ ਪਰਿਵਾਰ ਦਾ ਭਾਰ ਉਹਦੇ ਉਤੇ ਆਣ ਪਿਆ। ਕੰਵਲ ਦੀ ਪਾਲਣਾ ਪੋਸਣਾ ਵਿਚ ਮਾਂ ਦੇ ਨਾਲ ਉਸ ਦੇ ਵੱਡੇ ਭਰਾ ਕਰਤਾਰ ਸਿੰਘ ਦਾ ਵੀ ਹੱਥ ਸੀ। ਢੁੱਡੀਕੇ ਉਦੋਂ ਜ਼ਿਲ੍ਹਾ ਫਿਰੋਜ਼ਪੁਰ ਤੇ ਤਹਿਸੀਲ ਮੋਗੇ ਦਾ ਪਿੰਡ ਸੀ। ਮਹਾਰ-ਾਜਾ ਰਣਜੀਤ ਸਿੰਘ ਦਾ ਵਿਸ਼ਾਲ ਰਾਜ ਚਲਾ ਗਿਆ ਸੀ ਪਰ ਸਤਲੁਜ ਦੇ ਦੱਖਣ ਵੱਲ ਕੁਝ ਸਿੱਖ ਰਿਆਸਤਾਂ ਅਜੇ ਕਾਇਮ ਸਨ। ਪੰਜਾਬ ਉਤੇ ਅੰਗਰੇਜ਼ਾਂ ਦਾ ਰਾਜ ਸੀ। ਆਰਥਿਕ ਮੰਦਵਾੜੇ ਕਰਕੇ ਆਮ ਲੋਕ ਫੌਜ ’ਚ ਭਰਤੀ ਹੋਣ ਅਤੇ ਵਿਦੇਸ਼ਾਂ ਨੂੰ ਨਿਕਲਣੇ ਸ਼ੁਰੂ ਹੋ ਗਏ ਸਨ। ਮੀਂਹ ਨਾ ਪੈਣ ਕਾਰਨ ਕਾਲ ਪੈਣੇ ਆਮ ਗੱਲ ਸੀ।ਆਏ ਸਾਲ ਛੋਟੀਆਂ ਵੱਡੀਆਂ ਪਲੇਗਾਂ ਪੈਂਦੀਆਂ ਜੋ ਚੰਗੇ ਭਲੇ ਬੰਦਿਆਂ ਨੂੰ ਨਿਗਲ ਜਾਂਦੀਆਂ। ਕੰਵਲ ਦੇ ਜਨਮ ਵੇਲੇ ਜੱਲ੍ਹਿਆਂਵਾਲੇ ਦਾ ਸਾਕਾ ਵਰਤੇ ਨੂੰ ਅਜੇ ਢਾਈ ਕੁ ਮਹੀਨੇ ਹੀ ਹੋਏ ਸਨ। ਉਸ ਤੋਂ ਪੰਜ ਕੁ ਸਾਲ ਪਹਿਲਾਂ ਗਦਰੀ ਬਾਬਿਆਂ ਨੇ ਦੇਸ਼ ਦੀ ਆਜ਼ਾਦੀ ਲਈ ਗਦਰ ਲਹਿਰ ਸ਼ੁਰੂ ਕੀਤੀ ਸੀ। ਉਸ



ਲਹਿਰ ਵਿਚ ਢੁੱਡੀਕੇ ਦੇ ਵੀ ਕੁਝ ਗਦਰੀ ਬਾਬੇ ਸ਼ਾਮਲ ਸਨ। ਢੁੱਡੀਕੇ ਗਦਰ ਲਹਿਰ ਦਾ ਸਬ ਸੈਂਟਰ ਬਣ ਗਿਆ ਹੋਇਆ ਸੀ ਜਿਥੇ ਗਦਰੀਆਂ ਦੀਆਂ ਗੁਪਤ ਮੀਟਿੰਗਾਂ ਹੁੰਦੀਆਂ ਸਨ। ਢੁੱਡੀਕੇ ਦੇ ਕੁਝ ਫੌਜੀ ਜੁਆਨ 1914 ਤੋਂ 18 ਤਕ ਲੜੀ ਪਹਿਲੀ ਵਿਸ਼ਵ ਜੰਗ ਵਿਚ ਵੀ ਲੜੇ ਸਨ। ਢੁੱਡੀਕੇ ਵਿਚ ਹੀ 28 ਜਨਵਰੀ 1865 ਨੂੰ ਲਾਲਾ ਲਾਜਪਤ ਰਾਏ ਦਾ ਜਨਮ ਹੋਇਆ ਸੀ ਜੋ ਸੁਤੰਤਰਤਾ ਸੰਗਰਾਮੀ ਵਜੋਂ ਸ਼ਹੀਦ ਹੋਇਆ। ਕੰਵਲ ਦੇ ਜਨਮ ਸਮੇਂ ਢੁੱਡੀਕੇ ਤੇ ਚੂਹੜਚੱਕ ਅੰਗਰੇਜ਼ ਸਰਕਾਰ ਦੀਆਂ ਨਜ਼ਰਾਂ ਵਿਚ ਖ਼ਤਰਨਾਕ ਪਿੰਡ ਸਨ ਜਿਥੇ ਤਾਜੀਰੀ ਚੌਕੀ ਬਿਠਾਈ ਗਈ ਸੀ। ਚੌਕੀ ਦਾ ਖਰਚਾ ਦੋਹਾਂ ਪਿੰਡਾਂ ਨੂੰ ਦੇਣਾ ਪੈਂਦਾ ਸੀ। ਢੁੱਡੀਕੇ ਪਹਿਲਾਂ ਪਹਿਲ ਵੈੱਲੀਆਂਤੇ ਅਮਲੀਆਂ ਦੇ ਪਿੰਡ ਵਜਦਾ ਸੀ। ਉਥੇ ਸ਼ਰ੍ਹੇਆਮ ਨਸ਼ਾ ਪੱਤਾ ਹੁੰਦਾ, ਚੋਰੀਆਂ ਹੁੰਦੀਆਂ ਤੇ ਡਾਕੇ ਪੈਂਦੇ। ਪਈ ਲਾਅਲਾ-ਲਾਅਲਾ ਹੁੰਦੀ ਰਹਿੰਦੀ। ਸ਼ਰੀਕਾਂ ਦੇ ਆਪਸ ਵਿਚ ਕਤਲ ਹੁੰਦੇ। ਦੁਸ਼ਮਣੀਆਂ ਚਲਦੀਆਂ ਰਹਿੰਦੀਆਂ। ਹੋਰਨਾਂ ਪਿੰਡਾਂ ਦੇ ਸਾਊ ਬੰਦੇ ਢੁੱਡੀਕੇ ’ਚ ਸਾਕ ਕਰਨ ਲਈ ਸੌ ਵਾਰ ਸੋਚਦੇ। ਫਿਰ ਢੁੱਡੀਕੇ ਦੀ ਪਛਾਣ ਗਦਰੀ ਬਾਬਿਆਂ ਦੇ ਪਿੰਡ ਵਜੋਂ ਬਣੀ ਜੋ ਦੇਸ਼ ਆਜ਼ਾਦ ਹੋਣ ਪਿੱਛੋਂ ਲਾਲਾ ਲਾਜਪਤ ਰਾਏ ਦੇ ਜਨਮ ਸਥਾਨ ਵਜੋਂ ਉਭਾਰੀ ਗਈ। ਜਸਵੰਤ ਸਿੰਘ ਕੰਵਲ ਨੇ ਢੁੱਡੀਕੇ ਨੂੰ ਲੇਖਕਾਂ ਦੇ ਪਿੰਡ ਵਜੋਂ ਪਛਾਣ ਦਿੱਤੀ। ਇਨ੍ਹਾਂ ਗੱਲਾਂ ਕਰ ਕੇ ਵੀਹਵੀਂ ਸਦੀ ਦੇ ਪਿੱਛਲੇ ਅੱਧ ਤੋਂ ਢੁੱਡੀਕੇ ਨੂੰ ਪੰਜਾਬ ਦਾ ਇਤਿਹਾਸਕ ਪਿੰਡ ਕਿਹਾ ਜਾਣ ਲੱਗਾ ਹੈ।

ਢੁੱਡੀਕੇ ਦੇਸਾਬਕਾਸਰਪੰਚ ਰਾਮ ਸਿੰਘਦੇ ਅਮਰੀਕਾ ’ਚ ਅਧਿਆਪਕ ਲੱਗੇ ਰਹੇਸਪੁੱਤਰ ਗੁਰਚਰਨ ਸਿੰਘ ਗਿੱਲ ਨੇ ਆਪਣੇ ਪਿੰਡ ਬਾਰੇ ਖੋਜ ਕੀਤੀ ਹੈ। ਉਸ ਨੇ ਆਪਣੇ ਖੋਜੀ ਲੇਖ ਦਾ ਸਿਰਲੇਖ ‘ਰਾਮ ਚੰਦਰ ਜੀ ਤੋਂ ਢੁੱਡੀਕੇ ਦੇ ਗਿੱਲ’ ਰੱਖਿਆ ਹੈ। ਉਸ ਅਨੁਸਾਰ ਗਿੱਲ ਗੋਤੀ ਆਪਣੇ ਆਪ ਨੂੰ ਸੂਰਜਵੰਸ਼ੀ ਰਾਮ ਚੰਦਰ ਜੀ ਦੇ ਬੇਟੇ ਕੁਸ਼ ਦੀ ਔਲਾਦ ਦੱਸਦੇ ਹਨ ਜਿਸ ਨੇ ਕਸੂਰ ਵਸਾਇਆ ਸੀ। ਪੰਜਾਬ ਦੇ ਗਿੱਲ ਪਰਿਵਾਰ ਗਿੱਲਪਾਲ ਦੇ ਵਾਰਸ ਹਨ ਜੋ ਰਾਜਪੂਤ ਰਾਜਾ ਪ੍ਰਿਥੀਪਾਲ ਦਾ ਬੇਟਾ ਸੀ ਅਤੇ ਬਾਰੀਆ ਰਾਜਪੂਤਨੀ ਭੁੱਲਰ ਜੱਟ ਉਸ ਦੀ ਪਤਨੀ ਸੀ। ਗਿੱਲਪਾਲ ਦੇ ਬਾਰਾਂ ਪੁੱਤਰ ਸਨ ਜਿਨ੍ਹਾਂ ਦੇ ਨਾਂ ਸੋਭ ਰਾਏ, ਜੱਜ, ਤਾਲੋਚਾਰ, ਕੇਸਰੀਆ, ਛੱਜ, ਜਿਉਣਾ, ਬਾਹਬਾਰਾ, ਵਦਾਨ, ਛੇਲੀ, ਮੋਖਾ, ਰਾਜੀ ਤੇ ਸ਼ਾਹੀ ਸਨ।

ਸਾਖੀ ਪ੍ਰਚਲਿਤ ਹੈ ਕਿ ਰਾਜਾ ਪ੍ਰਿਥੀਪਾਲ ਦੇ ਘਰ ਉਸ ਦੀਆਂ ਰਾਜਪੂਤ ਪਤਨੀਆਂ ਦੇ ਪੇਟੋਂ ਕੋਈ ਪੁੱਤਰ ਨਹੀਂ ਸੀ ਪੈਦਾ ਹੋਇਆ। ਉਸ ਨੇ ਆਪਣੇ ਗੁਰੂ ਦੀ ਨਸੀਅਤ ਮੰਨਦਿਆਂ ਠਾਕ/ਠਖੀ ਨਾਂ ਦੀ ਭੁੱਲਰ ਜੱਟ ਗੋਤ ਦੀ ਜ਼ਨਾਨੀ ਨਾਲ ਵਿਆਹ ਕਰਾ ਲਿਆ। ਦੰਦ ਕਥਾ ਅਨੁਸਾਰ ਪ੍ਰਿਥੀਪਾਲ ਦੀ ਪਤਨੀ ਨੇ ਇਕ ਦਲਦਲ ਵਿਚ ਪੁੱਤਰ ਨੂੰ ਜਨਮ ਦਿੱਤਾ ਸੀ ਜਿਥੇ ਉਸ ਨੂੰ ਇਕ ਬ੍ਰਾਹਮਣ ਨੇ ਦੇਖ ਲਿਆ ਸੀ। ਉਹ ਉਸ ਬੱਚੇ ਨੂੰ ਆਪਣੇ ਬਾਪ ਕੋਲ ਲੈ ਆਇਆ ਜਿਸ ਨੇ ਉਸ ਦਾ ਨਾਂ ਗਿੱਲਪਾਲ ਰੱਖ ਦਿੱਤਾ ਕਿਉਂਕਿ ਉਹ ਗਿੱਲੀ ਥਾਂ ਜੰਮਿਆ ਸੀ। ਗਿੱਲਪਾਲ ਦੇ ਬਾਰਾਂ ਬੇਟੇ ਹੋਏ।

ਜੱਜ,ਗਿੱਲਪਾਲ ਦਾ ਦੂਜਾ ਬੇਟਾ ਸੀ। ਉਹ ਬਧਨ ਗਿੱਲ ਨਾਂ ਦਾ ਬਜ਼ੁਰਗ ਸੀ। ਉਸ ਨੇ ਡੰਡਾ ਬੀਂਡਾ ਪਿੰਡ ਵਸਾਇਆ। ਜੱਜ ਦੇ ਇਕ ਵਾਰਸ ਰਾਜੇ ਨੇ ਰਾਜੇਆਣਾ ਪਿੰਡ ਵਸਾਇਆ। ਰਾਜੇ ਨੂੰ ਰਾਜਾ ਪੀਰ ਵੀ ਕਹਿੰਦੇ ਹਨ ਜਿਸ ਦੀ ਯਾਦ ਵਿਚ ਸਮਾਧਾਂ ਬਣੀਆਂ ਹੋਈਆਂ ਹਨ। ਇਕ ਸਮਾਧ ਰਾਜੇਆਣੇ ਵਿਚ ਵੀ ਹੈ ਜਿਥੇ ਹਰ ਸਾਲ ਵਿਸਾਖੀ ਮੌਕੇ ਮੇਲਾ ਲੱਗਦਾ ਹੈ। ਰਾਜਾ, ਬਰਾੜਾਂ ਨਾਲ ਹੋਈ ਲੜਾਈ ਵਿਚ ਮਾਰਿਆ ਗਿਆ ਸੀ ਤੇ ਬਰਾੜਾਂ ਨੇ ਉਸ ਦੇ ਵਾਰਸਾਂ ਨੂੰ ਰਾਜੇਆਣੇ ਵਿਚੋਂ ਕੱਢ ਦਿੱਤਾ ਸੀ। ਰਾਜੇ ਦੇ ਅੱਠ ਪੁੱਤ ਸਨ ਜਿਨ੍ਹਾਂ ਦੇ ਨਾਂ ਬਿਨੀ, ਸ਼ਾਨੀ, ਕੌਲੂ, ਢੁੱਡੀ, ਕੌਨ, ਔਘੜ, ਮੋਹਪਾਲ ਤੇ ਡੋਡਾਵਾਨੀ ਸਨ। ਪਹਿਲਾਂ ਉਨ੍ਹਾਂ ਨੇ ਮੋਗਾ ਵਸਾਇਆ ਤੇ ਫਿਰ ਕਈ ਹੋਰ ਪਿੰਡ ਵਸਾਏ।

ਪਿੰਡ ਢੁੱਡੀਕੇ, ਢੁੱਡੀ ਦੇ ਵਾਰਸਾਂ ਨੇ ਆਬਾਦ ਕੀਤਾ। ਢੁੱਡੀ ਦੇ ਦੋ ਪੁੱਤਰ ਸਨ ਮਾਨਕ ਤੇ ਕੰਬੋ। ਮਾਨਕ ਦੀਆਂ ਅਗਲੀਆਂ ਚਾਰ ਪੀੜ੍ਹੀਆਂ ਅਹਿਮਦ, ਡਾਓ, ਸੁਲੇਮਾ ਤੇ ਮਨਸੂਰ ਸਨ। ਉਹ ਮੋਗੇ ਦੇ ਚੜ੍ਹਦੇ ਪਾਸੇ ਗੋਧੇਵਾਲਾ ਛੱਪੜ ਕੋਲ ਰਹਿੰਦੇ ਸਨ ਜਿਥੋਂ ਪਸ਼ੂਆਂ ਦੀਆਂ ਧਾਰਾਂ ਚੋ ਕੇ ਉਨ੍ਹਾਂ ਨੂੰ ਚਰਾਉਣ ਲਈ ਚੜ੍ਹਦੇ ਪਾਸੇ ਲੈ ਜਾਂਦੇ ਸਨ। ਜਿਥੇ ਹੁਣ ਢੁੱਡੀਕੇ ਵਸਿਆ ਹੋਇਆਉਥੋਂ ਦੀ ਚਰਾਗਾਹ ਤਕ ਡੰਗਰ ਚਾਰਨ ਲੈ ਆਉਂਦੇ ਸਨ। ਇਕ ਦਿਨ ਉਨ੍ਹਾਂ ਨੂੰ ਖ਼ਿਆਲ ਆਇਆ ਕਿਉਂ ਨਾ ਚਰਾਗਾਹ ਵਿਚ ਹੀ ਪਿੰਡ ਬੰਨ੍ਹ ਲਿਆ ਜਾਵੇ।

......(ਚਲਦਾ)




# ਸਿੱਖ ਰੈਜੀਮੈਂਟ ਨਾਲ ਪਟਿਆਲਾ ਰਾਜ ਘਰਾਣੇ ਦੀ ਸਾਂਝ ਦੇ 100 ਸਾਲ ਮਨਾਏ ਗਏ

### *ਭਾਰਤੀ ਫੌਜ ਵਿੱਚ ਸੇਵਾ ਕਰਨ ਉੱਤੇ ਮੈਨੂੰ ਮਾਣ: ਕੈਪਟਨ



*ਭਾਰਤੀ ਫੌਜ ਅਤੇ ਸਿੱਖ ਰੈਜੀਮੈਂਟ ਨਾਲ ਪਟਿਆਲਾ ਰਾਜ ਘਰਾਣੇ ਦੀ ਸਾਂਝ ਦੇ ਸੌ ਸਾਲ ਪੂਰੇ ਹੋਣ ਉੱਤੇ ਕੈ. ਅਮਰਿੰਦਰ ਸਿੰਘ ਫੌਜੀਆਂ ਨਾਲ ਖੁਸ਼ੀ ਸਾਂਝੀ ਕਰਦੇ ਹੋਏ।*

ਚੰਡੀਗੜ੍ਹ, 24 ਜੂਨ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਰਤੀ ਫੌਜ ਅਤੇ ਸਿੱਖ ਰੈਜੀਮੈਂਟ ਨਾਲ ਪਟਿਆਲਾ ਰਾਜ ਘਰਾਣੇ ਦੀ ਸਾਂਝ ਦੇ ਇੱਕ ਸੌ ਸਾਲ ਪੂਰੇ ਹੋਣ ਉੱਤੇ ਕੱਲ੍ਹ ਚੰਡੀ ਮੰਦਰ ਵਿਖੇ ਰੈਜੀਮੈਂਟ ਦੇ ਅਫਸਰਾਂ ਅਤੇ ਜਵਾਨਾਂ ਨਾਲ ਜਸ਼ਨ ਮਨਾਇਆ। ਇਸ ਮੌਕੇ ਰੈਜੀਮੈਂਟ ਦੇ ਜਵਾਨਾਂ ਵੱਲੋਂ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਮੁੱਖ ਮੰਤਰੀ ਅਮਰਿੰਦਰ ਸਿੰਘ ਸਿੱਖ ਰੈਜੀਮੈਂਟ (ਪੁਰਾਣੀ 15-ਲੁਧਿਆਣਾ ਸਿੱਖ) ਦੇ ਪਰਵਾਰਾਂ ਅਤੇ ਬੱਚਿਆਂ ਨੂੰ ਮਿਲੇ ਅਤੇ ਕਿਹਾ ਕਿ ਇੱਕ ਜਵਾਨ ਵਜੋਂ ਭਾਰਤੀ ਫੌਜ ਵਿੱਚ ਸ਼ਾਮਲ ਹੋ ਕੇ ਦੇਸ਼ ਸੇਵਾ ਵਿੱਚ ਪਾਏ ਯੋਗਦਾਨ ਉੱਤੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਵਾਰ ਨੂੰ ਮਾਣ ਹੈ।

ਵਰਨਣ ਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਸਿੱਖ ਰੈਜੀਮੈਂਟ ਦੀ ਦੂਸਰੀ ਬਟਾਲੀਅਨ ਵਿੱਚ 1963 ਤੋਂ ਸੇਵਾ ਸ਼ੁਰੂ ਕੀਤੀ ਤੇ ਥੋੜ੍ਹੇ ਅਰਸੇ ਪਿੱਛੋਂ ਉਹ ਆਪਣੀਆਂ ਪਰਵਾਰਕ ਜ਼ਿੰਮੇਵਾਰੀਆਂ ਕਾਰਨ ਬਟਾਲੀਅਨ ਛੱਡ ਗਏ ਸਨ, ਪਰ 1965 ਦੀ ਭਾਰਤ-ਪਾਕਿ ਜੰਗ ਦੇ ਹਾਲਾਤ ਬਣਨ ਵੇਲੇ ਉਹ ਬਟਾਲੀਅਨ ਨਾਲ ਆਪਣੇ ਪਿਆਰ ਸਦਕਾ ਫਿਰ ਤੋਂ ਬਟਾਲੀਅਨ ਵਿੱਚ ਸ਼ਾਮਲ ਹੋ ਗਏ ਸਨ ਅਤੇ ਖੇਮਕਰਨ ਸੈਕਟਰ ਵਿੱਚ ਸਰਗਰਮ ਰਹੇ ਸਨ। ਕੈਪਟਨ ਅਮਰਿੰਦਰ ਸਿੰਘ ਤੋਂ ਪਹਿਲਾਂ ਉਨ੍ਹਾਂ ਦੇ ਪਿਤਾ ਲੈਫਟੀਨੈਂਟ ਜਨਰਲ ਮਹਾਰਾਜਾ ਯਾਦਵਿੰਦਰ ਸਿੰਘ ਨੇ 1935 ਵਿੱਚ ਰੈਜੀਮੈਂਟ ਵਿੱਚ ਸੇਵਾ ਨਿਭਾਈ ਸੀ ਅਤੇ ਉਨ੍ਹਾਂ ਦੇ ਦਾਦਾ ਮੇਜਰ ਜਨਰਲ ਮਹਾਰਾਜਾ ਭੁਪਿੰਦਰ ਸਿੰਘ 15ਵੀਂ ਲੁਧਿਆਣਾ ਸਿੱਖ ਰੈਜੀਮੈਂਟ ਵਿੱਚ 1918 ਤੋਂ 1922 ਤੱਕ ਕਰਨਲ ਦੇ ਅਹੁਦੇ ਉੱਤੇ ਰਹੇ ਅਤੇ ਫਿਰ 1922 ਤੋਂ ਲੈ ਕੇ 1938 ਤੱਕ 2/11 ਰਾਇਲ ਸਿੱਖ ਰੈਜੀਮੈਂਟ ਵਿੱਚ ਸੇਵਾ ਨਿਭਾਈ ਸੀ। ਇਸ ਬਟਾਲੀਅਨ ਨਾਲ ਪਟਿਆਲਾ ਰਾਜ ਘਰਾਣੇ ਦੀ ਸਾਂਝ ਦੇ ਸੌ ਸਾਲ ਪੂਰੇ ਹੋਣ ਦੇ ਜਸ਼ਨਾਂ ਮੌਕੇ ਮੁੱਖ ਮੰਤਰੀ ਨੇ ਚਾਂਦੀ ਦਾ ਇੱਕ ਯਾਦ ਚਿੰਨ੍ਹ ਬਟਾਲੀਅਨ ਨੂੰ ਸੌਂਪਿਆ, ਜਿਸ ਵਿੱਚ ਸਿੱਖ ਫੌਜੀ ਲੜਦਾ ਦਿਖਾਇਆ ਗਿਆ ਹੈ। ਇਸ ਨੂੰ ਅਫਸਰ ਮੈੱਸ ਵਿੱਚ ਪ੍ਰਦਰਸ਼ਿਤ ਕੀਤਾ ਗਿਆ। ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਉਨ੍ਹਾਂ ਦੇ ਭਰਾ ਮਾਲਵਿੰਦਰ ਸਿੰਘ, ਭੈਣ ਅਤੇ ਭਣੋਈਆ ਹੇਮਿੰਦਰ ਕੌਰ ਅਤੇ ਕੇ. ਨਟਵਰ ਸਿੰਘ ਅਤੇ ਰੂਪਇੰਦਰ ਕੌਰ ਤੇ ਉਨ੍ਹਾਂ ਦੇ ਪਤੀ ਮੇਜਰ ਕੇ ਐੱਸ ਢਿੱਲੋਂ (ਆਰਮਡ ਕੋਰ), ਕੈਪਟਨ ਅਮਰਿੰਦਰ ਸਿੰਘ ਦੇ ਪੁੱਤਰ ਰਣਇੰਦਰ ਸਿੰਘਤੇ ਹੋਰ ਹਾਜ਼ਰ ਸਨ।

# ਡੇਰਾ ਪ੍ਰੇਮੀ ਬਿੱਟੂ ਨੂੰ ਮਾਰਨ ਵਾਲੇ ਮਨਿੰਦਰ ਸਿੰਘ ਦਾ ਪਿੰਡ ਪੁਲਸ ਛਾਉਣੀ ਵਿੱਚ ਤਬਦੀਲ



ਫਤਹਿਗੜ੍ਹ ਸਾਹਿਬ, 24 ਜੂਨ (ਪੋਸਟ ਬਿਊਰੋ)- ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦਾ ਪਿੰਡ ਭਗੜਾਣਾ ਪਰਸੋਂ ਤੋਂ ਉਸ ਵੇਲੇ ਸੁਰਖੀਆਂ ਵਿੱਚ ਆ ਗਿਆ, ਜਦੋਂ ਨਾਭਾ ਜੇਲ੍ਹ ਵਿੱਚ ਬੰਦ ਕੈਦੀ ਮਨਿੰਦਰ ਸਿੰਘ ਅਤੇ ਉਸ ਦੇ ਇੱਕ ਸਾਥੀ ਵੱਲੋਂ ਜੇਲ੍ਹ 'ਚ ਚਾਰ ਸਾਲ ਪੁਰਾਣੇ ਬੇਅਦਬੀ ਕਾਂਡ ਦੇ ਮੁੱਖ ਦੋਸ਼ੀ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਉੱਤੇ ਹਮਲਾ ਕਰ ਕੇ ਉਸ ਦੀ ਹੱਤਿਆ ਕਰ ਦਿੱਤੀ ਸੀ। ਜ਼ਿਲ੍ਹਾ ਪੁਲਸ ਮੁਖੀ ਅਮਨੀਤ ਕੌਂਡਲ ਨੇ ਮਨਿੰਦਰ ਸਿੰਘ ਦੇ ਪਰਵਾਰਕ ਮੈਂਬਰਾਂ ਦੀ ਸੁਰੱਖਿਆ ਦੇ ਲਈ ਥਾਂ ਥਾਂ ਪੁਲਸ ਤੈਨਾਤ ਕਰਵਾ ਦਿੱਤੀ ਹੈ। ਖਾਲਿਸਤਾਨ ਪੱਖੀ ਆਗੂਆਂ ਨੇ ਵੀ ਮਨਿੰਦਰ ਸਿੰਘ ਦੇ ਘਰ ਨੂੰ ਵਹੀਰਾਂ ਘੱਤਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਅਕਾਲੀ ਦਲ ਅੰਮ੍ਰਿਤਸਰ ਦੇ ਜਨਰਲ ਸਕੱਤਰ ਪ੍ਰੋਫੈਸਰ ਮਹਿੰਦਰਪਾਲ ਸਿੰਘ ਅਤੇ ਹੋਰਨਾਂ ਨੇ ਮਨਿੰਦਰ ਸਿੰਘ ਦੇ ਘਰ ਜਾ ਕੇ ਪਰਵਾਰ ਨਾਲ ਗੱਲਬਾਤ ਕੀਤੀ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਉਹ ਕੇਵਲ ਮਨਿੰਦਰ ਸਿੰਘ ਦੇ ਪਰਵਾਰ ਦਾ ਹਾਲ ਪੁੱਛਣ ਆਏ ਸਨ। ਉਨ੍ਹਾਂ ਮੰਗ ਕੀਤੀ ਕਿ ਇਸ ਪਰਵਾਰ ਨੂੰ ਪੂਰੀ ਸੁਰੱਖਿਆ ਦਿੱਤੀ ਜਾਵੇ।

ਮਨਿੰਦਰ ਸਿੰਘ ਦੀ ਮਾਤਾ ਗੁਲਜ਼ਾਰ ਕੌਰ ਨੇ ਕਿਹਾ ਕਿ ਉਸ ਦੇ ਪੁੱਤਰ ਨੂੰ ਪਿਛਲੇ ਚਾਰ ਸਾਲ ਤੋਂ ਨਿਰਦੋਸ਼ ਹੋਣ ਦੇ ਬਾਵਜੂਦ ਜੇਲ੍ਹ ਵਿੱਚ ਰੱਖਿਆ ਗਿਆ ਹੈ। ਪਰਸੋਂ ਜੇਲ੍ਹ ਵਿੱਚ ਜੋ ਕੁਝ ਹੋਇਆ, ਉਨ੍ਹਾਂ ਨੂੰ ਮੀਡੀਆ ਤੋਂ ਪਤਾ ਲੱਗਾ ਤੇ ਉਹ ਆਪਣੇ ਪੁੱਤਰ ਮਨਿੰਦਰ ਸਿੰਘ ਨਾਲ ਗੱਲ ਕਰਨ ਤੋਂ ਬਾਅਦ ਹੀ ਕੁਝ ਕਹਿਣਗੇ। ਉਨ੍ਹਾਂ ਕਿਹਾ ਕਿ ਮਨਿੰਦਰ ਸਿੰਘ ਕਹਿੰਦਾ ਸੀ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਹਿਣ ਨਹੀਂ ਕੀਤੀ ਜਾਵੇਗੀ। ਲੋਕਾਂ ਨੇ ਦੱਸਿਆ ਕਿ ਮਨਿੰਦਰ ਸਿੰਘ ਵੈਲਡਿੰਗ ਦਾ ਕੰਮ ਕਰਦਾ ਸੀ ਅਤੇ ਉਸ ਦਾ ਪਿਤਾ ਪਸ਼ੂ ਪਾਲਣ ਦਾ ਕੰਮ ਕਰਦਾ ਹੈ ਤੇ ਮਾਤਾ ਨਰੇਗਾ ਵਿੱਚ ਕੰਮ ਕਰਦੀ ਹੈ। ਪੁਲਸ ਮੁਖੀ ਅਮਨੀਤ ਕੌਂਡਲ ਨੇ ਕਿਹਾ ਕਿ ਕਿਸੇ ਮਾੜੀ ਘਟਨਾ ਦੇ ਸ਼ੱਕ ਕਾਰਨ ਮਨਿੰਦਰ ਸਿੰਘ ਦੇ ਪਰਵਾਰ ਨੂੰ ਸੁਰੱਖਿਆ ਦਿੱਤੀ ਗਈ ਹੈ। ਉਹ ਖੁਦ ਪਿੰਡ ਵਿਖੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈ ਕੇ ਆਏ ਹਨ।

# ਥਾਣੇਦਾਰ ਦੀ ਵਰਦੀ ਪਾੜਨ ਲਈ 50 ਦੇ ਕਰੀਬ ਅਕਾਲੀ-ਭਾਜਪਾ ਆਗੂ ਨਾਮਜ਼ਦ

ਗੁਰਦਾਸਪੁਰ, 24 ਜੂਨ (ਪੋਸਟ ਬਿਊਰੋ)- ਕਸਬਾ ਧਾਰੀਵਾਲ ਦੇ ਵਾਰਡ ਨੰਬਰ ਦੋ ਦੀ ਨਗਰ ਕੌਂਸਲ ਉੱਪ ਚੋਣ ਦੌਰਾਨ ਕਾਂਗਰਸੀਆਂ ਤੇ ਅਕਾਲੀ-ਭਾਜਪਾ ਵਰਕਰਾਂ ਵਿਚਾਲੇ ਵਿਵਾਦ ਨੇ ਨਵਾਂ ਮੋੜ ਲੈ ਲਿਆ ਹੈ। ਬੀਤੇ ਦੋ ਦਿਨਾਂ ਤੋਂ ਅਕਾਲੀ-ਭਾਜਪਾ ਵਰਕਰ ਏਥੇ ਕਾਂਗਰਸ 'ਤੇ ਧੱਕੇਸ਼ਾਹੀ ਕਰ ਕੇ ਜਿੱਤਣ ਦਾ ਦੋਸ਼ ਲਾ ਰਹੇ ਸਨ। ਨਵਾਂ ਮੋੜ ਇਸ ਦਾ ਇਹ ਆਇਆ ਹੈ ਕਿ ਗੁਰਦਾਸਪੁਰ ਪੁਲਸ ਲਾਈਨ ਵਿੱਚ ਤੈਨਾਤ ਏ ਐੱਸ ਆਈ ਬਲਵਿੰਦਰ ਸਿੰਘ ਨੇ ਅਕਾਲੀ-ਭਾਜਪਾ ਆਗੂਆਂ ਅਤੇ ਵਰਕਰਾਂ 'ਤੇ ਚੋਣ ਡਿਊਟੀ ਦੌਰਾਨ ਵਰਦੀ ਪਾੜਨ ਤੇ ਪੱਗ ਦੀ ਬੇਅਦਬੀ ਕਰਨ ਬਾਰੇ ਥਾਣਾ ਧਾਰੀਵਾਲ ਵਿੱਚ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ। ਇਸ ਉੱਤੇ ਧਾਰੀਵਾਲ ਥਾਣੇ ਦੀ ਪੁਲਸ ਨੇ ਅਕਾਲੀ-ਭਾਜਪਾ ਦੇ ਅੱਠ ਨਾਮਜ਼ਦ ਲੋਕਾਂ ਦੇ ਨਾਲ 50 ਹੋਰਨਾਂ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਅਤੇ ਫੜਨ ਲਈ ਛਾਪੇਮਾਰੀ ਤੇਜ਼ ਕਰ ਦਿੱਤੀ ਹੈ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਏ ਐੱਸ ਆਈ ਬਲਵਿੰਦਰ ਸਿੰਘ ਨੇ ਦੱਸਿਆ ਕਿ 21 ਜੂਨ ਨੂੰ ਧਾਰੀਵਾਲ ਦੇ ਵਾਰਡ ਨੰਬਰ ਦੋ ਦੀ ਉੱਪ ਚੋਣ ਵਿੱਚ ਉਹ ਪੋਲਿੰਗ ਸਟੇਸ਼ਨ ਦੇ ਬਾਹਰ ਡਿਊਟੀ ਦੇ ਰਿਹਾ ਸੀ। ਵੋਟਿੰਗ ਮਗਰੋਂ ਪੋਲਿੰਗ ਸਟਾਫ ਨੇ ਗਿਣਤੀ ਦਾ ਨਤੀਜਾ ਐਲਾਨ ਕਰ ਕੇ ਰਿਟਰਨਿੰਗ ਅਫਸਰ ਗੁਰਦਾਸਪੁਰ ਦੇ ਦਫਤਰ ਵਿੱਚ ਜੇਤੂ ਉਮੀਦਵਾਰ ਨੂੰ ਸਰਟੀਫਿਕੇਟ ਦੇਣ ਬਾਰੇ ਕਿਹਾ ਸੀ, ਪਰ ਮੌਕੇ ਉੱਤੇ ਮੌਜੂਦ ਅਕਾਲੀ-ਭਾਜਪਾ ਵਰਕਰਾਂ ਤੇ ਆਗੂਆਂ ਨੇ ਨਤੀਜਾ ਉਥੇ ਐਲਾਨਣ ਅਤੇ ਸਰਟੀਫਿਕੇਟ ਦੇਣ ਦੀ ਮੰਗ ਲਈ ਹੰਗਾਮਾ ਸ਼ੁਰੂ ਕਰ ਦਿੱਤਾ। ਉਕਤ ਲੋਕ ਨਾਅਰੇ ਲਾਉਂਦੇ ਹੋਏ ਪੋਲਿੰਗ ਸਟੇਸ਼ਨ ਦੇ ਅੰਦਰ ਧੱਕੇ ਮਾਰਦੇ ਆ ਗਏ। ਪੁਲਸ ਪਾਰਟੀ ਨੇ ਉਨ੍ਹਾਂ ਨੂੰ ਏਦਾਂ ਕਰਨੋਂ ਰੋਕਿਆ ਤਾਂ ਸ਼ਮਸ਼ੇਰ ਸਿੰਘ ਨੇ ਉਸ ਨੂੰ ਧੱਕੇ ਮਾਰਦੇ ਹੋਏ ਉਸ ਦੀ ਵਰਦੀ ਪਾੜ ਦਿੱਤੀ ਤੇ ਉਸ ਦੀ ਪੱਗ ਲਾਹ ਦਿੱਤੀ। ਅਜਿਹਾ ਕਰ ਕੇ ਦੋਸ਼ੀਆਂ ਨੇ ਪੁਲਸ ਦੀ ਡਿਊਟੀ ਵਿੱਚ ਵਿਘਨ ਪਾਇਆ ਅਤੇ ਡਿਊਟੀ ਕਰਦੇ ਮੁਲਾਜ਼ਮਾਂ ਦੀ ਵਰਦੀ ਪਾੜ ਕੇ ਨਿਯਮਾਂ ਦੀ ਉਲੰਘਣਾ ਕੀਤੀ ਹੈ। ਚੋਣ ਅਧਿਕਾਰੀਆਂ ਦਾ ਕਹਿਣਾ ਸੀ ਕਿ ਉਹ ਗੁਰਦਾਸਪੁਰ ਜਾ ਕੇ ਰਹੇ ਹਨ ਜਿੱਥੇ ਗਿਣਤੀ ਕੀਤੀ ਜਾਵੇਗੀ। ਮੌਕੇ 'ਤੇ ਮੌਜੂਦ ਅਕਾਲੀ-ਭਾਜਪਾ ਵਰਕਰਾਂ ਨੇ ਇਸ ਗੱਡੀ ਨੂੰ ਰੋਕ ਲਿਆ ਅਤੇ ਨਾਅਰੇਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ।

# ਹਜ਼ੂਰ ਸਾਹਿਬ ਬੋਰਡ ਦੇ ਮੁਖੀ ਨੇ ਰਾਮਦੇਵ ਦੇ ਪੈਰੀਂ ਮੱਥਾ ਟੇਕ ਕੇ ਨਵਾਂ ਵਿਵਾਦ ਪੈਦਾ ਕੀਤਾ

ਅੰਮ੍ਰਿਤਸਰ, 24 ਜੂਨ (ਪੋਸਟ ਬਿਊਰੋ)- ਤਖਤ ਸ੍ਰੀ ਹਜ਼ੂਰ ਸਾਹਿਬ ਬੋਰਡ ਦੇ ਪ੍ਰਧਾਨ ਭੁਪਿੰਦਰ ਸਿੰਘ ਮਿਨਹਾਸ ਨੇ ਯੋਗ ਕਰਨ ਦੇ ਵਪਾਰੀ ਬਾਬਾ ਰਾਮਦੇਵ ਦੇ ਪੈਰਾਂ ਵਿੱਚ ਸਿਰ ਰੱਖ ਕੇ ਮੱਥਾ ਟੇਕ ਕੇ ਨਵਾਂ ਵਿਵਾਦ ਪੈਦਾ ਕਰ ਦਿੱਤਾ ਹੈ। ਸੋਸ਼ਲ ਮੀਡੀਆ 'ਤੇ ਇਸ ਦੀ ਵੀਡੀਓ ਫੈਲੀ ਹੋਈ ਹੈ ਤੇ ਕਈ ਲੋਕ ਇਸ ਉੱਤੇ ਦੁੱਖ ਪ੍ਰਗਟ ਕਰ ਰਹੇ ਹਨ।



ਇੱਕ ਪਾਸੇ ਪੰਥਕ ਹਲਕਿਆਂ ਵਿੱਚ ਵੀ ਇਸ ਤਸਵੀਰ ਨਾਲ ਭਰਵਾਂ ਵਿਰੋਧ ਹੋ ਰਿਹਾ ਹੈ, ਦੂਸਰੇ ਪਾਸੇ ਮਿਨਹਾਸ ਨੇ ਇਸ ਵੀਡੀਓ ਬਾਰੇ ਕਿਹਾ ਹੈ ਕਿ ਕਿਸੇ ਨੇ ਸ਼ਰਾਰਤ ਨਾਲ ਉਨ੍ਹਾਂ ਦੀ ਅਕਸ ਖਰਾਬ ਕਰਨ ਲਈ ਇਸ ਵੀਡੀਓ ਨਾਲ ਛੇੜਛਾੜ ਕੀਤੀ ਹੈ। ਪਤਾ ਲੱਗਾ ਹੈ ਕਿ 21 ਜੂਨ ਨੂੰ ਮਨਾਏ ਗਏ ਯੋਗ ਦਿਵਸ ਮੌਕੇ ਨਾਂਦੇੜ ਵਿੱਚ ਯੋਗਾ ਦੇ ਪ੍ਰੋਗਰਾਮ ਸਮੇਂ ਰਾਮਦੇਵ ਹਾਜ਼ਰ ਸਨ। ਭੁਪਿੰਦਰ ਸਿੰਘ ਮਿਨਹਾਸ ਅਤੇ ਰਾਮਦੇਵ ਦੀ ਆਪੋ ਵਿੱਚ ਕਾਰੋਬਾਰੀ ਸਾਂਝ ਹੋਣ ਕਾਰਨ ਮਿਨਹਾਸ ਤੜਕੇ ਹੀ ਇਸ ਪ੍ਰੋਗਰਾਮ ਵਿੱਚ ਗਏ ਤੇ ਬਤੌਰ ਪ੍ਰਧਾਨ ਤਖਤ ਸ੍ਰੀ ਹਜ਼ੂਰ ਸਾਹਿਬ ਬੋਰਡ ਨੰਗੇ ਸਿਰ ਯੋਗਾ ਕਰਵਾ ਰਹੇ ਰਾਮਦੇਵ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਆਪਣੇ ਕਾਰੋਬਾਰੀ ਸਾਂਝੀਦਾਰ ਰਾਮਦੇਵ ਦੇ ਪਿਆਰ ਵਿੱਚ ਮਿਹਨਾਸ ਨੇ ਰਾਮਦੇਵ ਦੇ ਪੈਰਾਂ ਵਿਚ ਮੱਥਾ ਵੀ ਟੇਕ ਦਿੱਤਾ। ਇਸ ਬਾਰੇ ਮਿਨਹਾਸ ਦਾ ਕਹਿਣਾ ਹੈ ਕਿ ਉਨ੍ਹਾਂ ਕੋਈ ਮੱਥਾ ਨਹੀਂ ਟੇਕਿਆ, ਬਲਕਿ ਸਟੇਜ ਉਚੀ ਹੋਣ ਕਾਰਨ ਉਹ ਸਹਾਰਾ ਲੈ ਕੇ ਹੇਠਾਂ ਉਤਰਨ ਦਾ ਯਤਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਕਿਸੇ ਨੇ ਸ਼ਰਾਰਤ ਨਾਲ ਉਨ੍ਹਾਂ ਦੀ ਵੀਡੀਓ ਨਾਲ ਛੇੜਛਾੜ ਕਰ ਕੇ ਉਨ੍ਹਾਂ ਦਾ ਅਕਸ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਹੈ।

# ਪੰਜਾਬ ਵਿੱਚ ਵਾਟਰ ਰੈਗੂਲੇਟਰੀ ਅਥਾਰਟੀ ਵਾਸਤੇ ਅਕਾਲੀ ਦਲ ਵੱਲੋਂ ਵੀ ਹਮਾਇਤ

ਚੰਡੀਗੜ੍ਹ, 24 ਜੂਨ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਵਾਟਰ ਰੈਗੂਲੇਟਰੀ ਅਥਾਰਟੀ ਬਣਾਉਣ ਦੇ ਲਈ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਅਕਾਲੀ ਦਲ ਵੱਲੋਂ ਵੱਡਾ ਸਹਿਯੋਗ ਮਿਲ ਗਿਆ ਹੈ।

ਅਕਾਲੀ ਦਲ ਦੇ ਸਾਬਕਾ ਪਾਰਲੀਮੈਂਟ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਅੱਜ ਏਥੇ ਕਿਹਾ ਹੈ ਕਿ ਪੰਜਾਬ ਸਰਕਾਰ ਦਾ ਅਥਾਰਟੀ ਬਣਾਉਣ ਦਾ ਫੈਸਲਾ ਚੰਗਾ ਅਤੇ ਪੰਜਾਬ ਦੇ ਹਿੱਤ ਵਿੱਚ ਹੈ, ਅਕਾਲੀ ਦਲ ਇਸ ਫੈਸਲੇ ਦਾ ਸਵਾਗਤ ਕਰਦਾ ਹੈ ਤੇ ਅਥਾਰਟੀ ਬਣਾਉਣ ਲਈ ਸਰਕਾਰ ਨੂੰ ਸਹਿਯੋਗ ਦੇਵੇਗਾ, ਪਰ ਪੰਜਾਬ ਸਰਕਾਰ ਨੂੰ ਸਰਬ ਪਾਰਟੀ ਮੀਟਿੰਗ ਸੱਦਣ ਤੋਂ ਪਹਿਲਾਂ ਪਾਣੀ ਦੇ ਸਮੁੱਚੇ ਮੁੱਦੇ ਉੱਤੇ ਸਫ਼ੈਦ ਪੇਪਰ ਜਾਰੀ ਕਰਨਾ ਚਾਹੀਦਾ ਹੈ, ਜਿਸ ਨਾਲ ਪੰਜਾਬ ਦੇ ਲੋਕਾਂ ਨੂੰ ਦੱਸਣਾ ਚਾਹੀਦਾ ਹੈ ਕਿ ਏਥੇ ਇਸ ਸਮੇਂ ਜ਼ਮੀਨ ਹੇਠਲੇ ਪਾਣੀ ਦਾ ਕੀ ਹਾਲ ਹੈ। ਇਸ ਦੀ ਸਾਰੀ ਸਚਾਈ ਲੋਕਾਂ ਦੇ ਸਾਹਮਣੇ ਰੱਖਣੀ ਚਾਹੀਦੀ ਹੈ। ਚੰਦੂਮਾਜਰਾ ਨੇ ਕਿਹਾ ਕਿ ਇਹ ਕਿਹਾ ਜਾ ਰਿਹਾ ਹੈ ਕਿ ਪੰਜਾਬ ਅਗਲੇ 20 ਸਾਲਾਂ ਵਿੱਚ ਰੇਗਿਸਤਾਨ ਵਰਗਾ ਬਣ ਜਾਵੇਗਾ। ਇਸ ਬਾਰੇ ਲੋਕਾਂ ਵਿੱਚ ਚੱਲਦੀ ਚਰਚਾ ਦੀ ਸਰਕਾਰ ਨੂੰ ਠੀਕ ਹਾਲਤ ਦੱਸਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੈ, ਇਸ ਦਾ ਰੇਗਿਸਤਾਨ ਬਣਨਾ ਸਭ ਲਈ ਚਿੰਤਾ ਦਾ ਵਿਸ਼ਾ ਹੈ। ਸਰਕਾਰ ਜ਼ਮੀਨ ਹੇਠਾਂ ਪਾਣੀ ਨੂੰ ਬਚਾਉਣ ਲਈ ਕੀ ਕਰੇਗੀ, ਕੀ ਕਦਮ ਚੁੱਕੇਗੀ, ਇਹ ਲੋਕਾਂ ਨੂੰ ਸਾਫ ਦੱਸਣਾ ਜਰੂਰੀ ਹੈ। ਨਾਲ ਇਹ ਵੀ ਦੱਸਣਾ ਚਾਹੀਦਾ ਹੈ ਕਿ ਪੰਜਾਬ ਦਾ ਪਾਣੀ ਦੂਜੇ ਰਾਜਾਂ ਨੂੰ ਜਾਣ ਦੇ ਕੌਣ ਜ਼ਿੰਮੇਵਾਰ ਹਨ। ਚੰਦੂਮਾਜਰਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਹਰ ਸਮੇਂ ਪੰਜਾਬ ਵਿੱਚ ਪਾਣੀਆਂ ਲਈ ਲੜਾਈ ਲੜਦੀ ਰਹੀ ਹੈ ਅਤੇ ਅੱਗੇ ਵੀ ਲੜਦੀ ਰਹੇਗੀ।

ਵਰਨਣ ਯੋਗ ਹੈ ਕਿ ਪਿਛਲੇ ਹਫ਼ਤੇ ਸਰਕਾਰ ਨੇ ਵੱਡੀ ਮੀਟਿੰਗ ਸੱਦ ਕੇ ਵਾਟਰ ਅਥਾਰਟੀ ਬਣਾਉਣ ਦਾ ਐਲਾਨ ਕੀਤਾ ਸੀ ਤੇ ਛੇਤੀ ਇਸ ਬਾਰੇ ਸਰਬ ਪਾਰਟੀ ਮੀਟਿੰਗ ਹੋਵੇਗੀ, ਜਿਸ ਵਿਚ ਸਭ ਤੋਂ ਸਹਿਮਤੀ ਲੈਣ ਦੀ ਕੋਸ਼ਿਸ਼ ਹੋਵੇਗੀ। ਰਾਜ ਸਰਕਾਰ ਨੇ ਇਸ ਬਾਰੇ ਨਵੀਂ ਕੈਬਿਨੇਟ ਕਮੇਟੀ ਵੀ ਬਣਾਈ ਹੈ, ਜਿਸ ਵਿੱਚ ਮੰਤਰੀ ਬ੍ਰਹਮ ਮਹਿੰਦਰਾ, ਸੁਖਵਿੰਦਰ ਸਿੰਘ ਸਰਕਾਰਿਆ ਅਤੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੂੰ ਲਿਆ ਗਿਆ ਹੈ।

# ਕਰਜ਼ਾ ਰਾਹਤ ਸਕੀਮ ਵੇਲੇ ਜਿੰਦਾ ਕਿਸਾਨਾਂ ਨੂੰ ਮਰੇ ਲਿਖਣ ਵਾਲਾ ਸੈਕਟਰੀ ਸਸਪੈਂਡ

ਬਰਨਾਲਾ, 24 ਜੂਨ (ਪੋਸਟ ਬਿਊਰੋ)- ਕਰਜ਼ਾ ਰਾਹਤ ਸਕੀਮ ਵਿੱਚ ਬਹੁਮੰਤਵੀ ਸਹਿਕਾਰੀ ਖੇਤੀ ਸਰਵਿਸ ਸੁਸਾਇਟੀ ਬਡਬਰ ਦੇ ਕੁਝ ਕਿਸਾਨਾਂ ਨੂੰ ਮ੍ਰਿਤਕ ਐਲਾਨ ਕਰਨ ਦੇ ਮਾਮਲੇ ਵਿੱਚ ਸੁਸਾਇਟੀ ਦੇ ਸੈਕਟਰੀ ਜੀਤ ਸਿੰਘ ਨੂੰ ਅਹੁਦੇ ਤੋਂ ਕੋਆਪਰੇਟਿਵ ਵਿਭਾਗ ਵੱਲੋਂ ਸਸਪੈਂਡ ਕਰ ਦਿੱਤਾ ਗਿਆ ਹੈ।

ਡਿਪਟੀ ਕਮਿਸ਼ਨਰ ਤੇਜ ਪ੍ਰਤਾਪ ਸਿੰਘ ਫੂਲਕਾ ਨੇ ਦੱਸਿਆ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਸੈਕਟਰੀ ਜੀਤ ਸਿੰਘ ਨੇ ਕੁਝ ਕਿਸਾਨਾਂ ਦੇ ਨਾਂਅ ਮ੍ਰਿਤਕਾਂ ਦੀ ਸੂਚੀ ਵਿੱਚ ਪਾ ਦਿੱਤੇ ਅਤੇ ਜਦ ਉਸ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਤਾਂ ਉਸ ਨੇ ਤਸੱਲੀ ਬਖਸ਼ ਜਵਾਬ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਜੀਤ ਸਿੰਘ ਨੂੰ ਇਸ ਗਲਤੀ ਕਾਰਨ ਉਸ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਤਿੰਨ ਕਿਸਾਨਾਂ ਨੂੰ ਕਰਜ਼ਾ ਰਾਹਤ ਸਕੀਮ ਵੇਲੇ ਲਾਪਰਵਾਹੀ ਦੇ ਨਾਲ ਸੂਚੀ ਵਿੱਚ ਮ੍ਰਿਤਕ ਕਰਾਰ ਦੇ ਦਿੱਤਾ ਗਿਆ ਸੀ। ਗੁਰਮੁਖ ਸਿੰਘ ਨਾਂਅ ਦੇ ਦੋ ਕਿਸਾਨਾਂ ਦੇ ਨਾਂਅ ਬਡਬਰ ਸੁਸਾਇਟੀ ਵਿੱਚ ਦਰਜ ਹਨ, ਜਿਨ੍ਹਾਂ ਵਿੱਚੋਂ ਗੁਰਮੁਖ ਸਿੰਘ ਪੁੱਤਰ ਬੋਹੜ ਸਿੰਘ, ਜਿਸ ਨੂੰ ਮੀਡੀਆ ਵਿੱਚ ਮ੍ਰਿਤਕ ਦੱਸਿਆ ਜਾ ਰਿਹਾ ਹੈ, ਨੂੰ ਕਿਸੇ ਸੂਚੀ ਵਿੱਚ ਵੀ ਮ੍ਰਿਤਕ ਨਹੀਂ ਐਲਾਨਿਆ ਗਿਆ। ਪੜਤਾਲ ਤੋਂ ਸਾਹਮਣੇ ਆਇਆ ਹੈ ਕਿ ਮੀਡੀਆ ਵਿੱਚ ਆਏ 13 ਨਾਵਾਂ ਵਿੱਚ ਪੰਜ ਕਿਸਾਨਾਂ ਨੂੰ ਪਹਿਲੇ ਪੜਾਅ, ਜਦੋਂ ਸਿਰਫ 2.5 ਏਕੜ ਤੱਕ ਵਾਲੇ ਕਿਸਾਨਾਂ ਦਾ ਕਰਜ਼ਾ ਮਾਫ ਹੋਣਾ ਸੀ, ਵਿੱਚ ਅਯੋਗ ਕਰਾਰ ਦਿੱਤਾ ਗਿਆ ਸੀ। ਉਨ੍ਹਾਂ ਨੇ ਦੱਸਿਆ ਕਿ ਇਨ੍ਹਾਂ ਵਿੱਚ ਗੁਰਮੁਖ ਸਿੰਘ ਪੁੱਤਰ ਬੋਹੜ ਸਿੰਘ, ਗੁਰਮੁਖ ਸਿੰਘ ਪੁੱਤਰ ਦਲੀਪ ਸਿੰਘ, ਨਿਰਮਲ ਸਿੰਘ ਅਤੇ ਜਰਨੈਲ ਸਿੰਘ ਪੁੱਤਰ ਦਲੀਪ ਸਿੰਘ ਅਤੇ ਜਰਨੈਲ ਸਿੰਘ ਪੁੱਤਰ ਨਿਰੰਜਣ ਸਿੰਘ ਦੇ ਨਾਂਅ ਸ਼ਾਮਲ ਹਨ। ਇਸੇ ਤਰ੍ਹਾਂ ਕਿਸਾਨ ਬਲਵਿੰਦਰ ਸਿੰਘ ਪੁੱਤਰ ਵਿਰਸਾ ਸਿੰਘ ਦੇ ਨਾਂਅ ਅੱਗੇ ਵੀ ਮ੍ਰਿਤਕ ਲਿਖਣ ਦੀ ਚਰਚਾ ਸੀ, ਪਰ ਉਸ ਨੂੰ 53,204 ਰੁਪਏ ਕਰਜ਼ਾ ਮੁਆਫੀ ਦਿੱਤੀ ਜਾ ਚੁੱਕੀ ਹੈ। ਅਰਜਨ ਸਿੰਘ ਪੁੱਤਰ ਬੁੱਧ ਸਿੰਘ ਤੇ ਬੇਅੰਤ ਸਿੰਘ ਪੁੱਤਰ ਸਰਦਾਰ ਸਿੰਘ ਨੂੰ ਮੌਤ ਪਿੱਛੋਂ ਮ੍ਰਿਤਕ ਐਲਾਨਿਆ ਸੀ ਤੇ ਇਨ੍ਹਾਂ ਦੇ ਪਰਵਾਰਕ ਮੈਂਬਰਾਂ ਵੱਲੋਂ ਜ਼ਰੂਰੀ ਕਾਗਜ਼ਾਤ ਜਮ੍ਹਾ ਨਾ ਕਰਵਾਉਣ ਕਾਰਨ ਇਨ੍ਹਾਂ ਨੂੰ ਐੱਸ ਡੀ ਐੱਮ ਕਮੇਟੀ ਨੇ ਅਯੋਗ ਕਰਾਰ ਦਿੱਤਾ ਸੀ। ਫੂਲਕਾ ਨੇ ਦੱਸਿਆ ਕਿ ਸਿਮਰਨਜੀਤ ਕੌਰ ਦਾ ਕੇਸ ਵੀ ਅਯੋਗ ਕਰਾਰ ਦਿੱਤਾ ਸੀ, ਕਿਉਂਕਿ ਉਹ ਵਿਦੇਸ਼ ਚਲੀ ਗਈ ਹੈ। ਸੁਖਵੰਤ ਸਿੰਘ ਪੁੱਤਰ ਕਰਨੈਲ ਸਿੰਘ ਦਾ ਨਾਂਅ ਵੀ ਪੋਰਟਲ ਉੱਤੇ ਅਪਲੋਡ ਕਰ ਦਿੱਤਾ ਗਿਆ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਦਿਲਬਾਗ ਸਿੰਘ ਪੁੱਤਰ ਤੇਜਾ ਸਿੰਘ ਤੇ ਰਣਜੀਤ ਸਿੰਘ ਪੁੱਤਰ ਕਰਮਦੀਪ ਸਿੰਘ, ਜਿਨ੍ਹਾਂ ਦੇ ਮਾਮਲੇ ਵਿੱਚ ਸੈਕਟਰੀ ਨੇ ਗਲਤੀ ਕੀਤੀ ਸੀ, ਨੂੰ ਯੋਗ ਕਰਾਰ ਦੇ ਕੇ ਸੈਟਲ ਕੀਤਾ ਗਿਆ ਹੈ।

# ਅਸ਼ਲੀਲ ਵੀਡੀਓ ਬਣਾਉਣ ਦੀ ਧਮਕੀ ਨਾਲ ਪੈਸੇ ਵਸੂਲ ਕਰਦੀਆਂ ਦੋ ਔਰਤਾਂ ਕਾਬੂ

ਗੜ੍ਹਸ਼ੰਕਰ, 24 ਜੂਨ (ਪੋਸਟ ਬਿਊਰੋ)- ਅਸ਼ਲੀਲ ਫਿਲਮ ਬਣਾ ਕੇ ਇੰਟਰਨੈੱਟ 'ਤੇ ਪਾਉਣ ਦੀ ਧਮਕੀ ਨਾਲ ਲੋਕਾਂ ਕੋਲੋਂ ਪੈਸੇ ਵਸੂਲਣ ਵਾਲੇ ਇੱਕ ਗਿਰੋਹ ਦੀਆਂ ਦੋ ਔਰਤਾਂ ਸਮੇਤ ਪੰਜ ਜਣਿਆਂ ਵਿਰੁੱਧ ਪੁਲਸ ਨੇ ਪਰਚਾ ਦਰਜ ਕੀਤਾ ਹੈ। ਇਸ ਕੇਸ ਵਿੱਚ ਦੋ ਔਰਤਾਂ ਗ੍ਰਿਫਤਾਰ ਕੀਤੀਆਂ ਗਈਆਂ ਅਤੇ ਬਾਕੀ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ।



ਕੱਲ੍ਹ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਡੀ ਐੱਸ ਪੀ ਸਤੀਸ਼ ਕੁਮਾਰ ਨੇ ਦੱਸਿਆ ਕਿ ਪਿੰਡ ਭੱਜਲਾਂ ਦੇ ਸੇਵਾ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਹ ਬੰਗਾ ਰੋਡ ਉੱਤੇ ਪਿੰਡ ਡਘਾਮ ਜਾ ਰਿਹਾ ਸੀ ਕਿ ਰਾਹ ਵਿੱਚ ਇੱਕ ਲੜਕੀ ਨੇ ਉਸ ਦਾ ਮੋਟਰ ਸਾਈਕਲ ਰੁਕਵਾਇਆ ਅਤੇ ਸਿਹਤ ਖਰਾਬ ਦਾ ਬਹਾਨਾ ਲਾ ਕੇ ਉਸ ਨੂੰ ਡਘਾਮ ਪਿੰਡ ਉਸ ਦੇ ਰਿਸ਼ਤੇਦਾਰਾਂ ਕੋਲ ਛੱਡਣ ਲਈ ਕਿਹਾ। ਉਸ ਨੇ ਉਸ ਲੜਕੀ ਨੂੰ ਪਿੰਡ ਪੁਚਾਇਆ ਤਾਂ ਲੜਕੀ ਨੇ ਉਸ ਨੂੰ ਘਰ ਆਉਣ ਨੂੰ ਕਿਹਾ ਅਤੇ ਇਸੇ ਦੌਰਾਨ ਘਰ ਵਿਚ ਪਹਿਲਾਂ ਤੋਂ ਬੈਠੇ ਦੋ ਵਿਅਕਤੀਆਂ ਨੇ ਉਸ ਨੂੰ ਫੜ ਲਿਆ ਤੇ ਉਸ ਦੇ ਕੱਪੜੇ ਜਬਰੀ ਉਤਾਰਨੇ ਸ਼ੁਰੂ ਕਰ ਦਿੱਤੇ ਅਤੇ ਸਾਰੇ ਉਸ ਦੀ ਇੱਕ ਲੜਕੀ ਨਾਲ ਅਸ਼ਲੀਲ ਵੀਡੀਓ ਬਣਾਉਣ ਦੀ ਧਮਕੀ ਦੇ ਕੇ ਉਸ ਕੋਲੋਂ ਤਿੰਨ ਲੱਖ ਰੁਪਏ ਦੀ ਮੰਗ ਕਰਨ ਲੱਗੇ। ਸੇਵਾ ਸਿੰਘ ਅਨੁਸਾਰ ਡਰਦੇ ਮਾਰਿਆਂ ਉਸ ਨੇ ਤੀਹ ਹਜ਼ਾਰ ਰੁਪਏ ਦੇਣੇ ਮੰਨ ਕੇ ਦਸ ਹਜ਼ਾਰ ਰੁਪਏ ਦੇ ਦਿੱਤੇ। ਇਸ ਪਿੱਛੋਂ ਸੇਵਾ ਸਿੰਘ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਤਾਂ ਏ ਐੱਸ ਆਈ ਦੇਸ ਰਾਜ ਵੱਲੋਂ ਕੀਤੀ ਜਾਂਚ ਦੌਰਾਨ ਕੱਲ੍ਹ ਪੁਲਸ ਨੇ ਦੋ ਔਰਤਾਂ ਰੇਨੂੰ ਵਾਸੀ ਜੈਨਪੁਰ ਅਤੇ ਮਨੀਸ਼ਾ ਵਾਸੀ ਡਘਾਮ ਨੂੰ ਗ੍ਰਿਫਤਾਰ ਕਰ ਲਿਆ। ਪੁਲਸ ਅਨੁਸਾਰ ਬਾਕੀ ਦੋਸ਼ੀ, ਜਿਨ੍ਹਾਂ ਵਿੱਚ ਰੋਹਿਤ ਵਾਸੀ ਜੈਨਪੁਰ, ਲੱਕੀ ਵਾਸੀ ਡਘਾਮ ਤੇ ਜਗਤਾਰ ਸਿੰਘ ਵਾਸੀ ਡਘਾਮ ਨਾਮਜ਼ਦ ਕੀਤੇ ਹਨ, ਜੋ ਜਲਦ ਹੀ ਪੁਲਸ ਦੀ ਗ੍ਰਿਫਤ ਵਿੱਚ ਹੋਣਗੇ। ਇਸ ਸੰਬੰਧੀ ਹੋਰ ਪੜਤਾਲ ਕੀਤੀ ਜਾ ਰਹੀ ਹੈ।

# ਗਲਾ ਘੁੱਟ ਕੇ ਕੀਤੀ ਪਤਨੀ ਦੀ ਹੱਤਿਆ

ਖਡੂਰ ਸਾਹਿਬ, 24 ਜੂਨ (ਪੋਸਟ ਬਿਊਰੋ)- ਥਾਣਾ ਗੋਇੰਦਵਾਲ ਸਾਹਿਬ ਦੇ ਪਿੰਡ ਜਹਾਂਗੀਰ ਵਿੱਚ ਇੱਕ ਪਤੀ ਨੇ ਆਪਣੀ ਪਤਨੀ ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ ਹੈ। ਮ੍ਰਿਤਕਾ ਦੀ ਭੈਣ ਕੰਵਲਪ੍ਰੀਤ ਕੌਰ ਪਤਨੀ ਗੁਰਪ੍ਰੀਤ ਸਿੰਘ, ਜਿਹੜੀ ਇਸੇ ਪਿੰਡ ਵਿਆਹੀ ਹੋਈ ਹੈ, ਨੇ ਅਤੇ ਹੋਰ ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਕੱਲ੍ਹ ਦੁਪਹਿਰ ਸਮੇਂ ਉਸ ਦਾ ਜੀਜਾ ਚਰਨਜੀਤ ਸਿੰਘ ਉਸ ਦੀ ਭੈਣ ਸ਼ਰਨਜੀਤ ਕੌਰ ਦੀ ਘਲਾ ਘੁੱਟ ਕੇ ਹੱਤਿਆ ਕਰ ਕੇ ਆਪਣੇ ਕਮਰੇ ਨੂੰ ਤਾਲਾ ਲਾ ਕੇ ਬਿਨਾਂ ਕਿਸੇ ਨੂੰ ਦੱਸੇ ਘਰੋਂ ਭੱਜ ਗਿਆ। ਘਟਨਾ ਦਾ ਪਰਵਾਰਕ ਮੈਂਬਰਾਂ ਨੂੰ ਸ਼ਾਮ ਪੰਜ ਵਜੇ ਦੇ ਕਰੀਬ ਪਤਾ ਲੱਗਾ, ਜਦੋਂ ਬੱਚੇ ਖੇਡ ਕੇ ਘਰ ਆਏ ਤੇ ਉਨ੍ਹਾਂ ਦਰਵਾਜ਼ੇ ਦੀ ਝੀਤ ਵਿਚੋਂ ਦੇਖਿਆ ਕਿ ਉਨ੍ਹਾਂ ਦੀ ਮਾਂ ਅੰਦਰ ਬੈੱਡ 'ਤੇ ਪਈ ਤੇ ਬਾਹਰ ਕਮਰੇ ਨੂੰ ਤਾਲਾ ਲੱਗਾ ਹੈ। ਬੱਚਿਆਂ ਨੇ ਪਿੰਡ ਵਾਸੀਆਂ ਨੂੰ ਦੱਸਿਆ ਅਤੇ ਪਿੰਡ ਵਾਸੀਆਂ ਨੇ ਤਾਲਾ ਤੋੜ ਕੇ ਸ਼ਰਨਜੀਤ ਕੌਰ ਨੂੰ ਦੇਖਿਆ ਤਾਂ ਉਹ ਮਰੀ ਹੋਈ ਸੀ। ਉਨ੍ਹਾਂ ਪੁਲਸ ਨੂੰ ਸੂਚਿਤ ਕੀਤਾ। ਗੁਆਂਢੀਆਂ ਨਾਲ ਗੱਲਬਾਤ ਤੋਂ ਪਤਾ ਲੱਗਾ ਹੈ ਕਿ ਮ੍ਰਿਤਕਾ ਦਾ ਪਤੀ ਉਸ 'ਤੇ ਸ਼ੱਕ ਕਰਦਾ ਸੀ ਤੇ ਅਕਸਰ ਉਸ ਨੂੰ ਕੁੱਟਦਾ ਮਾਰਦਾ ਸੀ। ਥਾਣਾ ਗੋਇੰਦਵਾਲ ਸਾਹਿਬ ਦੇ ਐੱਸ ਐੱਚ ਓ ਅਜੈ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਮ੍ਰਿਤਕਾ ਦੇ ਪਤੀ ਚਰਨਜੀਤ ਸਿੰਘ ਖਿਲਾਫ ਹੱਤਿਆ ਦਾ ਮੁਕੱਦਮਾ ਦਰਜ ਕੀਤਾ ਜਾ ਰਿਹਾ ਹੈ।

# ਮਾਮੀ ਨੂੰ ਮਿਲਣ ਆਏ ਭਾਣਜੇ ਦਾ ਸ਼ੱਕ ਹੇਠ ਕਤਲ

ਖੇਮਕਰਨ, 24 ਜੂਨ (ਪੋਸਟ ਬਿਊਰੋ)- ਕੱਲ੍ਹ ਰਾਤ ਪਿੰਡ ਵਲਟੋਹਾ 'ਚ ਆਪਣੀ ਮਾਮੀ ਨੂੰ ਮਿਲਣ ਆਏ ਭਾਣਜੇ ਨੂੰ ਮਾਮੀ ਦੇ ਜੀਜੇ ਨੇ ਕਤਲ ਕਰ ਕੇ ਲਾਸ਼ ਪਿੰਡ ਦੇ ਬਾਹਰਵਾਰ ਸੁੱਟ ਦਿੱਤੀ। ਇਸ ਘਟਨਾ ਦਾ ਪਤਾ ਸਵੇਰੇ ਲੱਗਾ ਜਦੋਂ ਲੋਕਾਂ ਨੇ ਲਾਸ਼ ਦੇਖੀ। ਥਾਣਾ ਵਲਟੋਹਾ ਵਿੱਚ ਦੋਸ਼ੀ ਮਾਮੀ ਅਤੇ ਉਸ ਦੇ ਜੀਜੇ ਦੇ ਵਿਰੁੱਧ ਮ੍ਰਿਤਕ ਨੌਜਵਾਨ ਦੀ ਮਾਤਾ ਦੇ ਬਿਆਨਾਂ ਦੇ ਆਧਾਰ ਉੱਤੇ ਕੇਸ ਦਰਜ ਕਰ ਲਿਆ ਗਿਆ ਹੈ, ਪਰ ਦੋਸ਼ੀ ਫਰਾਰ ਹਨ।




ਪਤਾ ਇਹ ਲੱਗਾ ਹੈ ਕਿ ਪਿੰਡ ਜੋਧ ਸਿੰਘ ਵਾਲਾ ਦੇ ਨੌਜਵਾਨ ਗੁਰਪ੍ਰੀਤ ਸਿੰਘ ਗੋਪੀ ਪੁੱਤਰ ਬਾਰਾ ਸਿੰਘ ਦੇ ਆਪਣੀ ਮਾਮੀ ਬਲਜੀਤ ਕੌਰ ਪਤਨੀ ਕਾਕਾ ਸਿੰਘ ਪਿੰਡ ਵਲਟੋਹਾ ਸੰਧੂਆਂ ਨਾਲ ਨਾਜਾਇਜ਼ ਸੰਬੰਧ ਸਨ। ਮਾਮੀ ਦਾ ਪਤੀ ਸਿੱਧਾ ਸਾਦਾ ਸੀ। ਬਲਜੀਤ ਕੌਰ ਦਾ ਜੀਜਾ ਪੂਰਨ ਸਿੰਘ ਪੁੱਤਰ ਹਜ਼ਾਰਾ ਸਿੰਘ, ਜੋ ਪਿੰਡ ਵਲਟੋਹਾ 'ਚ ਰਹਿੰਦਾ ਸੀ, ਗੁਰਪ੍ਰੀਤ ਸਿੰਘ ਦੇ ਆਉਣ ਉੱਤੇ ਇਤਰਾਜ਼ ਕਰਦਾ ਸੀ। ਗੱਲ ਇੱਕ ਵਾਰ ਥਾਣੇ ਵੀ ਗਈ ਤੇ ਪੁਲਸ ਤੇ ਮੋਹਤਬਰਾਂ ਵੱਲੋਂ ਲੜਕੇ ਨੂੰ ਫਿਰ ਨਾਨਕੇ ਘਰ ਨਾ ਆਉਣ ਨੂੰ ਕਿਹਾ ਸੀ। ਕੱਲ੍ਹ ਰਾਤ ਗੁਰਪ੍ਰੀਤ ਸਿੰਘ ਉਰਫ ਗੋਪੀ ਫਿਰ ਮਾਮੀ ਨੂੰ ਮਿਲਣ ਆਇਆ ਤਾਂ ਪੂਰਨ ਸਿੰਘ ਨੂੰ ਲੱਗ ਗਿਆ ਤੇ ਉਸ ਨੇ ਆਪਣੇ ਸਹੁਰੇ ਘਰ ਆ ਕੇ ਬਲਜੀਤ ਕੌਰ ਦੀ ਮਦਦ ਨਾਲ ਉਸ ਨੂੰ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ। ਮ੍ਰਿਤਕ ਦੀ ਮਾਤਾ ਜੀਤੋ ਪਤਨੀ ਬਾਰਾ ਸਿੰਘ ਦੇ ਬਿਆਨਾਂ ਉੱਤੇ ਪੂਰਨ ਸਿੰਘ ਪੁੱਤਰ ਹਜ਼ਾਰਾ ਸਿੰਘ ਤੇ ਬਲਜੀਤ ਕੌਰ ਪਤਨੀ ਕਾਕਾ ਸਿੰਘ ਵਾਸੀ ਵਲਟੋਹਾ ਵਿਰੁੱਧ ਕੇਸ ਦਰਜ ਕਰ ਲਿਆ ਗਿਆ ਹੈ।





## ਓਵੈਸੀ ਨੇ ਭਾਜਪਾ ਉੱਤੇ ਮੁਸਲਮਾਨਾਂ ਵਿਰੁੱਧ ਨਫ਼ਰਤ ਫੈਲਾਉਣ ਦਾ ਦੋਸ਼ ਲਾਇਆ

ਰਾਂਚੀ, 24 ਜੂਨ (ਪੋਸਟ ਬਿਊਰੋ)- ਝਾਰਖੰਡ ਦੇ ਜਮਸ਼ੇਦਪੁਰ ਵਿੱਚ ਭੀੜ ਵਲੋਂ ਇਕ ਨੌਜਵਾਨ ਕੁੱਟ-ਕੁੱਟ ਕੇ ਮਾਰ ਦੇਣ ਬਾਰੇ ਏ ਆਈ ਐੱਮ ਆਈ ਐੱਮ ਪਾਰਟੀ ਦੇ ਮੁਖੀ ਅਸਦੁਦੀਨ ਓਵੈਸੀ ਨੇ ਭਾਜਪਾ ਅਤੇ ਆਰ ਐੱਸ ਐੱਸ ਨੂੰ ਜ਼ਿੰਮੇਵਾਰ ਦੱਸਿਆ ਹੈ। ਉਸ ਨੇ ਦੋਸ਼ ਲਾਇਆ ਕਿ ਭਾਜਪਾ ਅਤੇ ਆਰ ਐੱਸ ਐੱਸ ਨੇ ਸਮਾਜ ਦਾ ਇਹ ਮਾਹੌਲ ਬਣਾਇਆ ਹੈ, ਜਿਸ ਨਾਲ ਮੁਸਲਿਮ ਅੱਤਵਾਦੀ ਜਾਂ ਦੇਸ਼ ਵਿਰੋਧੀ ਜਾਂ ਗਊ ਹੱਤਿਆ ਕਰਨ ਵਾਲੇ ਵਜੋਂ ਦੇਖੇ ਜਾ ਰਹੇ ਹਨ।

ਵਰਨਣ ਯੋਗ ਹੈ ਕਿ ਜਮਸ਼ੇਦਪੁਰ ਵਿੱਚ 24 ਸਾਲਾ ਨੌਜਵਾਨ ਤਬਰੇਜ਼ ਅੰਸਾਰੀ ਉਰਫ਼ ਸੋਨੂੰ ਨੂੰ ਚੋਰੀ ਦੇ ਸ਼ੱਕ ਵਿੱਚ ਭੀੜ ਨੇ ਕੁੱਟ-ਕੁੱਟ ਕੇ ਅੱਧ ਮਰਿਆ ਕਰ ਦਿੱਤਾ ਤੇ ਉਸ ਤੋਂ ਜ਼ਬਰਨ ਜੈ ਸ਼੍ਰੀਰਾਮ ਅਤੇ ਜੈ ਹਨੂੰਮਾਨ ਵੀ ਕਹਾਇਆ ਗਿਆ ਸੀ। ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਇਸ ਕੇਸ ਵਿੱਚ ਦੋਸ਼ੀ ਪੱਪੂ ਮੰਡਲ ਦੇ ਵਿਰੁੱਧ ਕਤਲ, ਫਿਰਕੂ ਨਫ਼ਰਤ ਅਤੇ ਭੀੜ ਨੂੰ ਉਕਸਾਉਣ ਦੀਆਂ ਧਾਰਾਵਾਂ ਦਾ ਕੇਸ ਦਰਜ ਹੋਇਆ ਹੈ।

ਪਤਾ ਲੱਗਾ ਹੈ ਕਿ ਇਹ ਘਟਨਾ 17 ਜੂਨ ਦੀ ਰਾਤ ਨੂੰ ਵਾਪਰੀ ਸੀ। ਧਤਕੀਡੀਹ ਇਲਾਕੇ ਦੇ ਲੋਕਾਂ ਨੇ ਅੰਸਾਰੀ ਨੂੰ ਮੋਟਰ ਸਾਈਕਲ ਚੋਰ ਸਮਝ ਕਰ ਕੇ ਫੜ ਕੇ ਕੁੱਟਿਆ ਸੀ। ਘਟਨਾ ਦਾ ਇਕ ਵੀਡੀਓ ਵਾਇਰਲ ਹੋਇਆ ਹੈ, ਜਿਸ ਵਿੱਚ ਪਿੰਡ ਵਾਸੀ ਉਸ ਨੌਜਵਾਨ ਨੂੰ ਬਿਜਲੀ ਦੇ ਖੰਭੇ ਨਾਲ ਬੰਨ੍ਹ ਕੇ ਕੁੱਟਦੇ ਹਨ। ਫਿਰ ਉਸ ਨੂੰ ਪੁਲਸ ਨੂੰ ਸੌਂਪ ਦਿੱਤਾ ਗਿਆ। ਅੰਸਾਰੀ ਦੀ ਪਤਨੀ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਕਿ ਪੁਲਸ ਨੇ ਉਸ ਦੇ ਪਤੀ ਨੂੰ ਫਸਟ ਏਡ ਦੇਣ ਪਿੱਛੋਂ ਜੇਲ੍ਹ ਭੇਜ ਦਿੱਤਾ ਸੀ। ਜਮਸ਼ੇਦਪੁਰ ਦੀ ਇਸ ਘਟਨਾ ਬਾਰੇ ਅਸਦੁਦੀਨ ਓਵੈਸੀ ਨੇ ਦੇਸ਼ ਵਿੱਚ ਮਾਬ ਲਿੰਚਿੰਗ (ਭੀੜ ਵਲੋਂ ਕੁੱਟਮਾਰ) ਦੀਆਂ ਘਟਨਾਵਾਂ ਦੇ ਹਵਾਲੇ ਨਾਲ ਭਾਜਪਾ-ਆਰ ਐੱਸ ਐੱਸ ਉੱਤੇ ਹਮਲਾ ਬੋਲਿਆ ਤੇ ਕਿਹਾ, 'ਦੇਸ਼ ਵਿੱਚ ਮਾਬ ਲਿੰਚਿੰਗ ਦੀਆਂ ਘਟਨਾਵਾਂ ਘੱਟ ਨਹੀਂ ਹੋਈਆਂ, ਕਿਉਂਕਿ ਭਾਜਪਾ ਅਤੇ ਆਰ ਐੱਸ ਐੱਸ ਵਾਲਿਆਂ ਨੇ ਸਮਾਜ ਵਿੱਚ ਘੱਟ ਗਿਣਤੀ ਲੋਕਾਂ ਵਿਰੁੱਧ ਨਫ਼ਰਤ ਪੈਦਾ ਕਰ ਦਿੱਤੀ ਹੈ। ਅੱਜ ਹਾਲ ਇਹ ਹੈ ਕਿ ਏਸੇ ਕਾਰਨ ਦੇਸ਼ ਦੇ ਲੋਕ ਮੁਸਲਮਾਨਾਂ ਨੂੰ ਅੱਤਵਾਦੀ, ਦੇਸ਼ ਵਿਰੋਧੀ ਅਤੇ ਗਾਂ ਦਾ ਕਤਲ ਕਰਨ ਵਾਲੇ ਦੇ ਰੂਪ ਵਿੱਚ ਦੇਖ ਰਹੇ ਹਨ।'

## ਡੇਰਾ ਮੁਖੀ ਦੀ ਪੈਰੋਲ ਦਾ ਕੋਈ ਫ਼ੈਸਲਾ ਡੀ ਸੀ ਦੀ ਰਿਪੋਰਟ ਪਿੱਛੋਂ ਹੋ ਸਕੇਗਾ

### * ਪੰਚਕੂਲਾ ਦੀ ਹਿੰਸਾ ਵਰਗੇ ਹਾਲਾਤ ਦੇ ਡਰ ਤੋਂ ਸਰਕਾਰ ਚੌਕਸ

ਸਿਰਸਾ, 24 ਜੂਨ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਪੈਰੋਲ ਦੇਣ ਦੇ ਕੇਸ ਵਿੱਚ ਰੋਹਤਕ ਜੇਲ੍ਹ ਦੇ ਸੁਪਰਡੈਂਟ ਨੇ ਸਿਰਸਾ ਦੇ ਡਿਪਟੀ ਕਮਿਸ਼ਨਰ ਨੂੰ ਰਿਪੋਰਟ ਦੇਣ ਨੂੰ ਪੱਤਰ ਲਿਖਿਆ ਸੀ। ਉਸ ਰਿਪੋਰਟ ਦੇ ਪਿੱਛੋਂ ਹੀ ਰਾਮ ਰਹੀਮ ਦੀ ਪੈਰੋਲ ਉੱਤੇ ਫ਼ੈਸਲਾ ਹੋਵੇਗਾ।



ਆਪਣੇ ਡੇਰੇ ਦੀਆਂ ਦੋ ਸਾਧਵੀਆਂ ਦੇ ਨਾਲ ਬਲਾਤਕਾਰ ਦੇ ਦੋਸ਼ ਵਿੱਚ ਸੁਨਾਰੀਆ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੇ ਫਿਰ ਹਰਿਆਣਾ ਸਰਕਾਰ ਲਈ ਔਕੜ ਬਣਾ ਦਿੱਤੀ ਹੈ। ਉਸ ਨੇ ਰੋਹਤਕ ਦੀ ਸੁਨਾਰੀਆ ਜੇਲ੍ਹ ਦੇ ਪ੍ਰਸ਼ਾਸਨ ਤੋਂ ਇਕ ਵਾਰ ਫਿਰ 42 ਦਿਨ ਦੀ ਪੈਰੋਲ ਲਈ ਅਰਜ਼ੀ ਦਿੱਤੀ ਹੈ। ਇਸ ਵਾਰੀ ਉਸ ਨੇ ਖੇਤੀਬਾੜੀ ਦੇ ਕੰਮ-ਕਾਜ ਲਈ ਪੈਰੋਲ ਮੰਗੀ ਹੈ। ਜੇਲ੍ਹ ਪ੍ਰਸ਼ਾਸਨ ਨੇ ਇਸ ਬਾਰੇ ਇਕ ਤਰ੍ਹਾਂ ਨਾਲ ਉਸ ਦਾ ਪੱਖ ਲਿਆ ਅਤੇ ਜੇਲ੍ਹ ਵਿੱਚ ਗੁਰਮੀਤ ਰਾਮ ਰਹੀਮ ਦੇ ਵਿਹਾਰ ਨੂੰ ਚੰਗਾ ਦੱਸਿਆ ਹੈ।

ਵਰਨਣ ਯੋਗ ਹੈ ਕਿ ਗੁਰਮੀਤ ਰਾਮ ਰਹੀਮ ਦੋ ਸਾਧਵੀਆਂ ਨਾਲ ਬਲਾਤਕਾਰ ਦੇ ਦੋਸ਼ ਵਿੱਚ ਸੁਨਾਰੀਆ ਜੇਲ੍ਹ ਵਿੱਚ 20 ਸਾਲ ਕੈਦ ਦੀ ਸਜ਼ਾ ਕੱਟ ਰਿਹਾ ਹੈ। ਉਹ ਦੋ ਸਾਲਾਂ ਤੋਂ ਇਸ ਜੇਲ੍ਹ ਵਿੱਚ ਹੈ ਤੇ ਪਿਛਲੇ ਸਾਲ ਵੀ ਪੈਰੋਲ ਮੰਗੀ ਸੀ ਅਤੇ ਆਪਣੀ ਗੋਦ ਲਈ ਧੀ ਦੇ ਵਿਆਹ ਵਿੱਚ ਸ਼ਾਮਲ ਹੋਣ ਦਾ ਕਾਰਨ ਦੱਸਿਆ, ਪਰ ਅਰਜ਼ੀ ਰੱਦ ਹੋ ਗਈ ਸੀ। ਰਾਮ ਰਹੀਮ ਕਿਸੇ ਵੀ ਤਰ੍ਹਾਂ ਜੇਲ੍ਹ ਤੋਂ ਨਿਕਲਣਾ ਚਾਹੁੰਦਾ ਹੈ। ਇਸ ਲਈ ਉਸ ਨੇ ਖੇਤੀ ਦੇ ਕੰਮ ਨੂੰ ਸੰਭਾਲਣ ਲਈ ਪੈਰੋਲ ਦੀ ਮੰਗ ਜੇਲ੍ਹ ਪ੍ਰਸ਼ਾਸਨ ਤੋਂ ਕੀਤੀ ਹੈ। ਜੇਲ੍ਹ ਪ੍ਰਸ਼ਾਸਨ ਨੇ ਡਿਪਟੀ ਕਮਿਸ਼ਨਰ ਸਿਰਸਾ ਤੇ ਪੁਲਿਸ ਸੁਪਰਡੈਂਟ ਨੂੰ ਚਿੱਠੀ ਭੇਜ ਕੇ ਇਸ ਬਾਰੇ ਉਨ੍ਹਾਂ ਦੀ ਸਲਾਹ ਮੰਗੀ ਹੈ। ਸੂਤਰਾਂ ਅਨੁਸਾਰ ਜੇਲ੍ਹ ਸੁਪਰਡੈਂਟ ਵਲੋਂ ਡਿਪਟੀ ਕਮਿਸ਼ਨਰ ਨੂੰ ਭੇਜੇ ਪੱਤਰ ਵਿਚ ਕਿਹਾ ਗਿਆ ਹੈ ਕਿ ਗੁਰਮੀਤ ਸਿੰਘ ਦਾ ਜੇਲ੍ਹ ਵਿੱਚ ਵਿਹਾਰ ਵਧੀਆ ਹੈ ਤੇ ਉਸ ਨੇ ਕਿਸੇ ਤਰ੍ਹਾਂ ਦਾ ਕੋਈ ਗਲਤ ਕੰਮ ਨਹੀਂ ਕੀਤਾ।

## ਦੇਸ਼ ਦੇ ਕਿਸੇ ਹਿੱਸੇ ਵਿੱਚ ਆਉਣ ਜਾਣ ਦੇ ਲਈ ਪਰਮਿਟ ਕਿਉਂ

ਨਵੀਂ ਦਿੱਲੀ, 24 ਜੂਨ (ਪੋਸਟ ਬਿਊਰੋ)- ਭਾਰਤ ਦੇ ਕਿਸੇ ਵੀ ਹਿੱਸੇ ਵਿੱਚ ਆਉਣ ਜਾਣ ਲਈ ਨਾਗਰਿਕਾਂ ਨੂੰ ਪਰਮਿਟ ਕਿਉਂ ਲੈਣਾ ਪਵੇ, ਜਦ ਕਿ ਸੰਵਿਧਾਨ ਨੇ ਸਾਰੇ ਨਾਗਰਿਕਾਂ ਨੂੰ ਭਾਰਤ ਵਿੱਚ ਕਿਤੇ ਵੀ ਬਿਨਾਂ ਰੋਕ ਦੇ ਆਉਣ ਜਾਣ ਦਾ ਹੱਕ ਦਿੱਤਾ ਹੈ ਤੇ ਦੇਸ਼ ਦੇ ਕਿਸੇ ਵੀ ਹਿੱਸੇ ਵਿੱਚ ਆਉਣ ਜਾਣ ਲਈ ਇਨਰ ਲਾਈਨ ਪਰਮਿਟ (ਆਈ ਐੱਲ ਪੀ) ਦਾ ਨਿਯਮ ਇਸ ਮੁੱਢਲੇ ਅਧਿਕਾਰ ਦੀ ਉਲੰਘਣਾ ਹੈ। ਇਸ ਨੂੰ ਆਧਾਰ ਬਣਾ ਕੇ ਸੁਪਰੀਮ ਕੋਰਟ ਵਿੱਚ ਅਰਜ਼ੀ ਪੇਸ਼ ਕਰ ਕੇ ਇਨਰ ਲਾਈਨ ਪਰਮਿਟ ਦੀ ਵਿਵਸਥਾ ਨੂੰ ਚੁਣੌਤੀ ਦਿੱਤੀ ਗਈ ਹੈ।

ਇਸ ਪਟੀਸ਼ਨ ਵਿੱਚ ਆਈ ਐਲ ਪੀ ਦਾ ਨਿਯਮ ਲਾਗੂ ਕਰਨ ਵਾਲੇ ਬੰਗਾਲ ਈਸਟਰਨ ਫਰੰਟੀਅਰ ਰੈਗੂਲੇਸ਼ਨ 1873 ਦੀ ਧਾਰਾ 2, 3 ਅਤੇ 4 ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਸੁਪਰੀਮ ਕੋਰਟ ਇਸ ਮਾਮਲੇ 'ਤੇ ਦੋ ਜੁਲਾਈ ਨੂੰ ਸੁਣਵਾਈ ਕਰੇਗੀ। ਵਰਨਣ ਯੋਗ ਹੈ ਕਿ ਨਾਗਾਲੈਂਡ ਵਿੱਚ ਨਾਗਾ ਹਿਲਸ ਖੇਤਰ ਵਿੱਚ ਜਾਣ ਲਈ ਨਾਗਾ ਮੂਲ ਵਾਸੀਆਂ ਦੇ ਇਲਾਵਾ ਬਾਕੀ ਸਭ ਨੂੰ ਆਈ ਐੱਲ ਪੀ ਲੈਣਾ ਪੈਂਦਾ ਹੈ। ਦੀਮਾਪੁਰ ਜ਼ਿਲ੍ਹੇ ਨੂੰ ਵੀ ਨਾਗਾ ਹਿਲਸ ਖੇਤਰ ਵਿੱਚ ਸ਼ਾਮਲ ਕਰ ਕੇ ਉਥੇ ਵੀ ਇਹੋ ਆਈ ਐੱਲ ਪੀ ਲਾਗੂ ਕਰਨ ਦੀ ਤਜਵੀਜ਼ ਹੈ। ਪਟੀਸ਼ਨ ਵਿੱਚ ਇਸ ਦਾ ਵਿਰੋਧ ਕੀਤਾ ਗਿਆ ਹੈ। ਸੁਪਰੀਮ ਕੋਰਟ ਵਿੱਚ ਇਹ ਜਨਹਿਤ ਪਟੀਸ਼ਨ ਭਾਜਪਾ ਨੇਤਾ ਅਤੇ ਵਕੀਲ ਅਸ਼ਵਨੀ ਕੁਮਾਰ ਉਪਾਧਿਆ ਨੇ ਦਾਖਲ ਕੀਤੀ ਅਤੇ ਇਸ ਵਿੱਚ ਕਿਹਾ ਹੈ ਕਿ ਆਈ ਐੱਲ ਪੀ ਵਿਵਸਥਾ ਇੱਕ ਤਰ੍ਹਾਂ ਆਪਣੇ ਹੀ ਦੇਸ਼ ਵਿੱਚ ਵੀਜ਼ਾ ਸਿਸਟਮ ਵਾਂਗ ਹੈ, ਜੋ ਨਾ ਸਿਰਫ ਧਾਰਾ 14 (ਬਰਾਬਰੀ), 15 (ਵਿਤਕਰੇ ਦੀ ਮਨਾਹੀ), 19 (ਆਜ਼ਾਦੀ) ਅਤੇ 21 (ਜੀਵਨ ਦੇ ਮੁੱਢਲੇ ਹੱਕਾਂ) ਦਾ ਉਲੰਘਣ ਹੈ, ਸਗੋਂ ਉਸ ਖੇਤਰ ਦੇ ਵਿਕਾਸ, ਸਮੁੱਚੇ ਨਿਵੇਸ਼ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ।

## ਮਾਇਆਵਤੀ ਨੇ ਭਰਾ ਤੇ ਭਤੀਜੇ ਨੂੰ ਮਹੱਤਵ ਪੂਰਨ ਅਹੁਦੇ ਦਿੱਤੇ



ਲਖਨਊ, 24 ਜੂਨ (ਪੋਸਟ ਬਿਊਰੋ)- ਬਹੁਜਨ ਸਮਾਜ ਪਾਰਟੀ (ਬਸਪਾ) ਦੀ ਮੁਖੀ ਮਾਇਆਵਤੀ ਨੇ ਪਾਰਟੀ ਸੰਗਠਨ ਵਿੱਚ ਆਪਣੇ ਭਤੀਜੇ ਆਕਾਸ਼ ਆਨੰਦ ਨੂੰ ਕੌਮੀ ਕੋਆਰਡੀਨੇਟਰ ਅਤੇ ਆਪਣੇ ਭਰਾ ਆਨੰਦ ਕੁਮਾਰ ਨੂੰ ਕੌਮੀ ਉਪ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਹੈ, ਜਿਸ ਦੀ ਹਰ ਪਾਸੇ ਚਰਚਾ ਹੋ ਰਹੀ ਹੈ।

ਪਾਰਟੀ ਸੂਤਰਾਂ ਅਨੁਸਾਰ ਦੇਸ਼ ਦੇ ਸਾਰੇ ਰਾਜਾਂ ਵਿੱਚ ਪਾਰਟੀ ਨੂੰ ਮਜ਼ਬੂਤ ਕਰਨ ਲਈ ਆਕਾਸ਼ ਆਨੰਦ ਨੂੰ ਇਹ ਮਹੱਤਵ ਪੂਰਨ ਜ਼ਿੰਮੇਵਾਰੀ ਦਿੱਤੀ ਗਈ ਹੈ। ਇਸ ਬਾਰੇ ਹੋਈ ਮੀਟਿੰਗ ਵਿੱਚ ਸ਼ਾਮਲ ਹੋਏ ਪਾਰਟੀ ਦੇ ਇੱਕ ਵੱਡੇ ਆਗੂ ਨੇ ਇਨ੍ਹਾਂ ਨਿਯੁਕਤੀਆਂ ਬਾਰੇ ਇਹ ਵੀ ਦੱਸਿਆ ਕਿ ਅਮਰੋਹਾ ਪਾਰਲੀਮੈਂਟ ਸੀਟ ਤੋਂ ਚੁਣੇ ਗਏ ਦਾਨਿਸ਼ ਅਲੀ ਨੂੰ ਲੋਕ ਸਭਾ ਵਿੱਚ ਪਾਰਟੀ ਦਾ ਆਗੂ ਅਤੇ ਪਾਰਲੀਮੈਂਟ ਮੈਂਬਰ ਗਿਰੀਸ਼ ਚੰਦਰ ਨੂੰ ਚੀਫ ਵ੍ਹਿਪ ਬਣਾਇਆ ਗਿਆ ਹੈ। ਬਸਪਾ ਦੀ ਮੁਖੀ ਦੇ ਐਲਾਨ ਮਗਰੋਂ ਆਕਾਸ਼ ਆਨੰਦ ਇਸ ਪਾਰਟੀ ਨੂੰ ਕੌਮੀ ਪੱਧਰ ਉਤੇ ਮਜ਼ਬੂਤ ਕਰਨ ਲਈ ਕੰਮ ਕਰਨਗੇ। ਕਿਹਾ ਜਾ ਰਿਹਾ ਹੈ ਕਿ ਬਸਪਾ ਵਿੱਚ ਆਕਾਸ਼ ਆਨੰਦ ਦੇ ਆਉਣ ਨਾਲ ਕਈ ਵੱਡੇ ਬਦਲਾਅ ਆਏ ਹਨ। ਜਾਣਕਾਰ ਸੂਤਰਾਂ ਅਨੁਸਾਰ ਮੀਡੀਆ ਅਤੇ ਸੋਸ਼ਲ ਮੀਡੀਆ ਤੋਂ ਦੂਰ ਰਹਿਣ ਵਾਲੀ ਮਾਇਆਵਤੀ ਆਪਣੇ ਭਤੀਜੇ ਦੇ ਕਹਿਣ ਉੱਤੇ ਹੀ ਟਵਿੱਟਰ 'ਤੇ ਆਈ ਤੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਆਪਣਾ ਖਾਤਾ ਬਣਾਇਆ ਸੀ। ਮਾਇਆਵਤੀ ਅੱਜ ਕੱਲ੍ਹ ਲਗਾਤਾਰ ਟਵਿੱਟਰ ਰਾਹੀਂ ਵਿਰੋਧੀਆਂ ਉੱਤੇ ਹੱਲਾ ਬੋਲਦੀ ਹੈ। ਆਕਾਸ਼ ਪਾਰਟੀ ਨੂੰ ਨੌਜਵਾਨਾਂ ਦੇ ਦ੍ਰਿਸ਼ਟੀਕੋਣ ਨਾਲ ਅੱਗੇ ਵਧਾਉਣਗੇ।

ਇਹੀ ਨਹੀਂ, ਪਾਰਟੀ ਸੂਤਰਾਂ ਅਨੁਸਾਰ ਮੀਟਿੰਗ ਸਵੇਰੇ ਦਸ ਵਜੇ ਤੋਂ ਸੀ, ਪਰ ਇਸ ਦੇ ਸਾਰੇ ਵੱਡੇ ਨੇਤਾ, ਐੱਮ ਪੀ ਅਤੇ ਵਿਧਾਇਕ ਸਵੇਰੇ ਨੌਂ ਵਜੇ ਹੀ ਮੀਟਿੰਗ ਵਾਲੀ ਥਾਂ ਪਹੁੰਚ ਗਏ। ਮੀਟਿੰਗ ਤੋਂ ਪਹਿਲਾਂ ਸਾਰੇ ਆਗੂਆਂ ਦੇ ਮੋਬਾਈਲ ਜਮ੍ਹਾ ਕਰਵਾ ਲਏ ਗਏ ਸਨ। ਇਥੋਂ ਤੱਕ ਕਿ ਉਨ੍ਹਾਂ ਦੇ ਪੈਨ, ਪਰਸ, ਬੈਗ ਅਤੇ ਡਿਜੀਟਲ ਘੜੀਆਂ ਜਮ੍ਹਾ ਕਰਵਾ ਲੈਣ ਤੋਂ ਬਾਅਦ ਮੀਟਿੰਗ ਹਾਲ ਵਿੱਚ ਜਾਣ ਦਿੱਤਾ ਗਿਆ ਸੀ।

## ਜਗਨ ਮੋਹਨ ਰੈੱਡੀ ਵੱਲੋਂ ਸਾਬਕਾ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਦਾ ਬੰਗਲਾ ਤੋੜਨ ਦਾ ਹੁਕਮ

ਹੈਦਰਾਬਾਦ, 24 ਜੂਨ (ਪੋਸਟ ਬਿਊਰੋ)- ਆਂਧਰਾ ਪ੍ਰਦੇਸ਼ ਦੇ ਨਵੇਂ ਬਣੇ ਮੁੱਖ ਮੰਤਰੀ ਵਾਈ ਐੱਸ ਜਗਨ ਮੋਹਨ ਰੈਡੀ ਨੇ 'ਪ੍ਰਜਾ ਵੇਦਿਕਾ' ਨਾਂਅ ਦੀ ਬਿਲਡਿੰਗ ਤੋੜਨ ਦਾ ਆਦੇਸ਼ ਦੇ ਦਿੱਤਾ ਹੈ। ਇਸ ਮੰਗਲਵਾਰ ਤੋਂ ਬਿਲਡਿੰਗ ਤੋੜਨ ਦਾ ਕੰਮ ਸ਼ੁਰੂ ਹੋ ਜਾਵੇਗਾ। ਇਸ ਇਮਾਰਤ ਵਿੱਚ ਸਾਬਕਾ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਰਹਿੰਦੇ ਹਨ।



ਸਾਬਕਾ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਨੇ ਪਿਛਲੇ ਦਿਨੀਂ ਜਗਨਮੋਹਨ ਰੈਡੀ ਨੂੰ ਇੱਕ ਚਿੱਠੀ ਲਿਖ ਕੇ 'ਪ੍ਰਜਾ ਵੇਦਿਕਾ' ਇਮਾਰਤ ਨੂੰ ਵਿਰੋਧੀ ਧਿਰ ਦੇ ਨੇਤਾ ਦਾ ਸਰਕਾਰੀ ਘਰ ਐਲਾਨ ਕਰਨ ਦੀ ਮੰਗ ਕੀਤੀ ਸੀ। ਵਾਈ ਐੱਸ ਆਰ ਕਾਂਗਰਸ ਪਾਰਟੀ ਦੀ ਸਰਕਾਰ ਨੇ ਇਸ ਸ਼ਨੀਵਾਰ ਸਾਬਕਾ ਮੁੱਖ ਮੰਤਰੀ ਐੱਨ ਚੰਦਰਬਾਬੂ ਨਾਇਡੂ ਦੇ ਅਮਰਾਵਤੀ ਸ਼ਹਿਰ ਵਿਚਲੇ ਘਰ 'ਪ੍ਰਜਾ ਵੇਦਿਕਾ' ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਚੰਦਰਬਾਬੂ ਨਾਇਡੂ ਦੀ ਤੇਲਗੂ ਦੇਸ਼ਮ ਪਾਰਟੀ ਨੇ ਇਸ ਨੂੰ ਬਦਲੇ ਦੀ ਇੱਕ ਸਪੱਸ਼ਟ ਕਾਰਵਾਈ ਕਰਾਰ ਦਿੱਤਾ ਸੀ।

ਵਰਨਣ ਯੋਗ ਹੈ ਕਿ ਚੰਦਰਬਾਬੂ ਨਾਇਡੂ ਕ੍ਰਿਸ਼ਨਾ ਨਦੀ ਦੇ ਕਿਨਾਰੇ ਉਂਦਾਵੱਲੀ ਦੇ ਇਸ ਘਰ ਵਿੱਚ ਉਦੋਂ ਤੋਂ ਰਹਿ ਰਹੇ ਸਨ, ਜਦੋਂ ਆਂਧਰਾ ਪ੍ਰਦੇਸ਼ ਨੇ ਪਹਿਲੀ ਰਾਜਧਾਨੀ ਹੈਦਰਾਬਾਦ ਨੂੰ ਨਵੇਂ ਬਣੇ ਰਾਜ ਤਿਲੰਗਾਨਾ ਲਈ ਛੱਡਣ ਦੇ ਬਾਅਦ ਆਪਣਾ ਪ੍ਰਸ਼ਾਸਨ ਅਮਰਾਵਤੀ ਵਿੱਚ ਲਿਆਂਦਾ ਸੀ। ਪ੍ਰਜਾ ਵੇਦਿਕਾ ਨਾਂਅ ਦੀ ਇਮਾਰਤ ਦੀ ਉਸਾਰੀ ਆਂਧਰਾ ਸਰਕਾਰ ਨੇ ਇਸ ਦੇ ਰਾਜਧਾਨੀ ਖੇਤਰ ਦੀ ਵਿਕਾਸ ਅਥਾਰਟੀ (ਏ ਪੀ ਸੀ ਆਰ ਡੀ ਏ) ਤੋਂ ਸਾਬਕਾ ਮੁੱਖ ਮੰਤਰੀ ਦੀ ਰਿਹਾਇਸ਼ ਵਜੋਂ ਕਰਵਾਈ ਸੀ। ਪੰਜ ਕਰੋੜ ਰੁਪਏ ਨਾਲ ਬਣੇ ਇਸ ਘਰ ਦੀ ਵਰਤੋਂ ਨਾਇਡੂ ਸਰਕਾਰੀ ਕੰਮਾਂ ਦੇ ਨਾਲ ਹੀ ਆਪਣੀ ਪਾਰਟੀ ਦੀਆਂ ਬੈਠਕਾਂ ਕਰਨ ਲਈ ਵੀ ਕਰਦੇ ਸਨ। ਉਨ੍ਹਾਂ ਇਸ ਮਹੀਨੇ ਸ਼ੁਰੂ ਵਿੱਚ ਮੁੱਖ ਮੰਤਰੀ ਵਾਈ ਐੱਸ ਜਗਨ ਮੋਹਨ ਰੈਡੀ ਨੂੰ ਪੱਤਰ ਲਿਖ ਕੇ ਇਸ ਇਮਾਰਤ ਦੀ ਵਰਤੋਂ ਬੈਠਕਾਂ ਲਈ ਕਰਨ ਦੀ ਮਨਜ਼ੂਰੀ ਮੰਗੀ ਅਤੇ ਰਾਜ ਸਰਕਾਰ ਨੂੰ ਅਪੀਲ ਕੀਤੀ ਸੀ ਕਿ ਉਹ ਇਸ ਨੂੰ ਵਿਰੋਧੀ ਧਿਰ ਦੇ ਨੇਤਾ ਦਾ ਸਰਕਾਰੀ ਘਰ ਐਲਾਨ ਕਰ ਦੇਣ, ਪਰ ਰਾਜ ਸਰਕਾਰ ਨੇ ਪ੍ਰਜਾ ਵੇਦਿਕਾ ਨੂੰ ਕਬਜ਼ੇ ਵਿੱਚ ਲੈਣ ਦਾ ਫੈਸਲਾ ਕਰ ਕੇ ਐਲਾਨ ਕੀਤਾ ਕਿ ਇਸ ਨੂੰ ਤੋੜਿਆ ਜਾਵੇਗਾ।

## ਪੁਲਵਾਮਾ ਦੇ ਬਾਅਦ ਪਾਕਿ ਉੱਤੇ ਸਮੁੰਦਰ ਰਾਹੀਂ ਵੀ ਹਮਲਾ ਕਰਨ ਦੀ ਤਿਆਰੀ ਸੀ

ਨਵੀਂ ਦਿੱਲੀ, 24 ਜੂਨ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਪੁਲਵਾਮਾ ਵਿੱਚ ਇਸ ਸਾਲ ਦੇ ਸ਼ੁਰੂ ਵਿੱਚ ਸੀ ਆਰ ਪੀ ਐਫ ਦੇ ਕਾਫਲੇ ਉਤੇ ਅੱਤਵਾਦੀ ਹਮਲੇ ਪਿੱਛੋਂ ਭਾਰਤ ਨੇ ਬਾਲਾਕੋਟ ਹੀ ਨਹੀਂ, ਸਮੁੰਦਰ ਤੋਂ ਵੀ ਪਾਕਿਸਤਾਨ ਉੱਤੇ ਹਮਲੇ ਦੀ ਤਿਆਰੀ ਕੀਤੀ ਸੀ। ਭਾਰਤ ਨੇ ਸਮੁੰਦਰੀ ਫੌਜ ਨੂੰ ਜੰਗੀ ਅਭਿਆਸ ਤੋਂ ਹਟਾ ਕੇ ਐਟਮੀ ਅਤੇ ਰਿਵਾਇਤੀ ਹਥਿਆਰਾਂ ਨਾਲ ਲੈੱਸ ਪਣਡੁੱਬੀਆਂ ਨੂੰ ਪਾਕਿਸਤਾਨ ਦੀ ਸਮੁੰਦਰੀ ਸਰਹੱਦ ਕੋਲ ਤੈਨਾਤ ਕਰ ਦਿੱਤਾ ਸੀ।

ਪਣਡੁੱਬੀਆਂ ਦੀ ਤੈਨਾਤੀ ਨਾਲ ਪਾਕਿਸਤਾਨ ਨੂੰ ਲੱਗਦਾ ਸੀ ਕਿ ਭਾਰਤ ਕਿਸੇ ਵੀ ਸਮੇਂ ਸਮੁੰਦਰੀ ਫੌਜ ਨੂੰ ਬਦਲੇ ਦੀ ਕਾਰਵਾਈ ਲਈ ਕਹਿ ਸਕਦਾ ਹੈ। ਪੁਲਵਾਮਾ ਵਿੱਚ ਜੈਸ਼ ਏ ਮੁਹੰਮਦ ਦੇ ਹਮਲੇ ਵਿੱਚ ਸੀ ਆਰ ਪੀ ਐੱਫ ਦੇ ਚਾਲੀ ਜਵਾਨ ਮਾਰੇ ਗਏ ਸਨ। ਇਸ ਦੇ ਜਵਾਬ ਵਿੱਚ ਭਾਰਤ ਨੇ 26 ਫਰਵਰੀ ਨੂੰ ਪਾਕਿਸਤਾਨ ਦੇ ਬਾਲਾਕੋਟ ਵਿੱਚ ਜੈਸ਼ ਦੇ ਅੱਤਵਾਦੀ ਕੈਂਪਾਂ ਉੱਤੇ ਹਵਾਈ ਹਮਲਾ ਕਰ ਕੇ ਵੱਡੀ ਗਿਣਤੀ ਵਿੱਚ ਅੱਤਵਾਦੀ ਮਾਰ ਦਿੱਤੇ ਸਨ। ਉਸ ਹਮਲੇ ਪਿੱਛੋਂ ਭਾਰਤ ਲਗਾਤਾਰ ਪਾਕਿਸਤਾਨੀ ਫੌਜ 'ਤੇ ਨਜ਼ਰ ਰੱਖ ਰਿਹਾ ਸੀ ਤੇ ਉਹ ਪਾਕਿਸਤਾਨ ਦੀ ਕਿਸੇ ਵੀ ਕਾਰਵਾਈ ਦਾ ਦੋਹਰੀ ਸ਼ਕਤੀ ਨਾਲ ਜਵਾਬ ਦੇਣ ਨੂੰ ਤਿਆਰ ਸੀ। ਬਾਲਾਕੋਟ ਵਿੱਚ ਹਵਾਈ ਹਮਲੇ ਪਿੱਛੋਂ ਪਾਕਿਸਤਾਨ ਦੀ ਆਧੁਨਿਕ ਮੰਨੀ ਜਾਂਦੀ ਅਗੋਸਟਾ ਕਲਾਸ ਦੀ ਪਣਡੁੱਬੀ ਪੀ ਐੱਨ ਐੱਸ ਸਾਦ, ਉਸ ਦੇ ਜਲ ਖੇਤਰ ਤੋਂ ਗਾਇਬ ਹੋ ਗਈ ਤੇ ਲੰਬੇ ਸਮੇਂ ਤੱਕ ਪਾਣੀ ਦੇ ਅੰਦਰ ਰਹਿਣ ਦੀ ਸਮਰੱਥਾ ਵਾਲੀ ਇਸ ਪਣਡੁੱਬੀ ਦੇ ਗਾਇਬ ਹੋਣ ਪਿੱਛੋਂ ਭਾਰਤੀ ਸਮੁੰਦਰੀ ਫੌਜ ਹੋਰ ਚੌਕਸ ਹੋ ਗਈ ਸੀ।




## ਛਾਪਾ ਮਾਰਿਆ ਤਾਂ ਕਚੌਰੀ ਵੇਚਣ ਵਾਲਾ ਕਰੋੜਪਤੀ ਨਿਕਲਿਆ

ਅਲੀਗੜ੍ਹ, 24 ਜੂਨ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਅਲੀਗੜ੍ਹ ਵਿੱਚ ਸਟੇਟ ਇੰਟੈਲੀਜੈਂਸ ਬਿਊਰੋ ਤੇ ਸੇਲਜ਼ ਟੈਕਸ ਵਿਭਾਗ ਦੇ ਅਫ਼ਸਰ ਹੈਰਾਨ ਰਹਿ ਗਏ, ਜਦੋਂ ਛਾਪੇ ਵਿੱਚ ਕਚੌਰੀ ਵੇਚਣ ਵਾਲਾ ਕਰੋੜਪਤੀ ਨਿਕਲਿਆ। ਅਸਲ ਵਿੱਚ ਅਲੀਗੜ੍ਹ ਸ਼ਹਿਰ ਦੇ ਸੀਮਾ ਟਾਕੀਜ਼ ਚੌਰਾਹੇ ਉੱਤੇ ਦੁਕਾਨਦਾਰ ਮੁਕੇਸ਼ ਪਿਛਲੇ 10 ਸਾਲਾਂ ਤੋਂ ਕਚੌਰੀ ਤੇ ਸਮੋਸੇ ਵੇਚਦਾ ਹੈ। ਉਸ ਬਾਰੇ ਸਟੇਟ ਇੰਟੈਲੀਜੈਂਸ ਬਿਊਰੋ ਲਖਨਊ ਨੂੰ ਸ਼ਿਕਾਇਤ ਮਿਲੀ ਤਾਂ ਕੇਸ ਲਖਨਊ ਦੇ ਬਾਅਦ ਅਲੀਗੜ੍ਹ ਪਹੁੰਚਿਆ। ਇਸ ਪਿੱਛੋਂ ਅਲੀਗੜ੍ਹ ਸੇਲਜ਼ ਟੈਕਸ ਵਿਭਾਗ ਨੇ 21 ਜੂਨ ਨੂੰ ਐੱਸ ਆਈ ਬੀ ਦੇ ਅਧਿਕਾਰੀਆਂ ਨਾਲ ਮਿਲ ਕੇ ਛਾਪਾ ਮਾਰਿਆ। ਕਾਰਵਾਈ ਸ਼ੁਰੂ ਹੁੰਦੇ ਸਾਰ ਤਾਂ ਮੁਕੇਸ਼ ਨੇ ਖੁਦ ਹੀ ਹਰ ਮਹੀਨੇ ਲੱਖਾਂ ਰੁਪਏ ਟਰਨ ਓਵਰ ਦੀ ਗੱਲ ਮੰਨ ਲਈ। ਉਸ ਨੇ ਗਾਹਕਾਂ ਦੀ ਗਿਣਤੀ, ਕੱਚੇ ਮਾਲ ਦੀ ਖਰੀਦ ਤੇ ਸੰਬੰਧਤ ਅਦਾਰਿਆਂ ਦੀ ਸਭ ਜਾਣਕਾਰੀ ਦੇ ਦਿੱਤੀ। ਏਜੰਸੀਆਂ ਨੂੰ ਜਾਂਚ ਵਿੱਚ ਪਤਾ ਲੱਗਾ ਕਿ ਉਸ ਦਾ ਟਰਨ ਓਵਰ 60 ਲੱਖ ਤੋਂ ਵੱਧ ਹੈ ਤੇ ਕਰੋੜ ਰੁਪਏ ਦੇ ਪਾਰ ਹੋ ਸਕਦਾ ਹੈ। ਏਨਾ ਟਰਨ ਓਵਰ ਹੋਣ ਦੇ ਬਾਵਜੂਦ ਮੁਕੇਸ਼ ਨੇ ਜੀ ਐੱਸ ਟੀ ਦਾ ਰਜਿਸਟਰੇਸ਼ਨ ਨਹੀਂ ਕਰਵਾਇਆ। ਇਸ ਕਾਰਨ ਸਟੇਟ ਇੰਟੈਲੀਜੈਂਸ ਬਿਊਰੋ ਨੇ ਮੁਕੇਸ਼ ਨੂੰ ਨੋਟਿਸ ਦਿੱਤਾ ਹੈ। ਜਾਂਚ ਅਧਿਕਾਰੀਆਂ ਅਨੁਸਾਰ ਸ਼ੁਰੂ ਦੀ ਜਾਂਚ ਵਿੱਚ ਕਚੌਰੀ ਵੇਚਣ ਵਾਲੇ ਮੁਕੇਸ਼ ਦਾ 60 ਲੱਖ ਰੁਪਏ ਟਰਨ ਓਵਰ ਪਤਾ ਲੱਗਾ ਹੈ, ਪਰ ਪੂਰੀ ਜਾਂਚ ਵਿੱਚ ਇਸ ਦੇ ਇਕ ਕਰੋੜ ਰੁਪਏ ਤੱਕ ਜਾਣ ਦੀ ਆਸ ਹੈ। ਇਹ ਵੀ ਸਾਹਮਣੇ ਆਇਆ ਕਿ ਦੁਕਾਨਦਾਰ ਜੀ ਐੱਸ ਟੀ ਵਿੱਚ ਰਜਿਸਟਰਡ ਨਹੀਂ ਹੈ, ਜਦੋਂ ਕਿ ਸਲਾਨਾ 40 ਲੱਖ ਰੁਪਏ ਦਾ ਟਰਨ ਓਵਰ ਵਾਲਿਆਂ ਨੂੰ ਜੀ ਐੱਸ ਟੀ ਵਿੱਚ ਰਜਿਸਟਰੇਸ਼ਨ ਕਰਾਉਣਾ ਜ਼ਰੂਰੀ ਹੈ। ਅਲੀਗੜ੍ਹ ਰੇਂਜ ਏ ਐੱਸ ਆਈ ਬੀ ਦੇ ਡਿਪਟੀ ਕਮਿਸ਼ਨਰ ਆਰ ਪੀ ਐੱਸ ਕੌਂਤੇਆ ਨੇ ਦੱਸਿਆ ਕਿ ਸ਼ਿਕਾਇਤ ਉੱਤੇ ਕਚੌਰੀ ਵਾਲੇ ਦਾ ਸਲਾਨਾ ਟਰਨ ਓਵਰ 60 ਲੱਖ ਰੁਪਏ ਤੋਂ ਵਧ ਮਿਲਿਆ ਹੈ।

### ਲੋਕ ਸਭਾ ਵਿੱਚ ਮੰਗ ਉੱਠੀ

## ਅਭਿਨੰਦਨ ਦੀਆਂ ਮੁੱਛਾਂ ਨੂੰ ਮੋਦੀ ਸਰਕਾਰ 'ਕੌਮੀ ਮੁੱਛਾਂ' ਐਲਾਨ ਕਰੇ

ਨਵੀਂ ਦਿੱਲੀ, 24 ਜੂਨ (ਪੋਸਟ ਬਿਊਰੋ)- ਅੱਜ ਸੋਮਵਾਰ ਨੂੰ ਲੋਕ ਸਭਾ ਵਿਚ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੇ ਭਾਸ਼ਣ ਉੱਤੇ ਚਰਚਾ ਦੇ ਦੌਰਾਨ ਸਦਨ ਵਿੱਚ ਕਾਂਗਰਸ ਪਾਰਟੀ ਦੇ ਨੇਤਾ ਅਧੀਰ ਰੰਜਨ ਚੌਧਰੀ ਨੇ ਇਕ ਅਨੋਖੀ ਮੰਗ ਰੱਖ ਦਿੱਤੀ। ਉਨ੍ਹਾਂ ਨੇ ਹਵਾਈ ਫੌਜ ਦੇ ਵਿੰਗ ਕਮਾਂਡਰ ਅਭਿਨੰਦਨ ਵਰਧਮਾਨ ਨੂੰ ਇਨਾਮ ਦੇਣ ਦੀ ਮੰਗ ਦੇ ਨਾਲ ਕਿਹਾ ਕਿ ਅਭਿਨੰਦਨ ਦੀਆਂ ਮੁੱਛਾਂ ਨੂੰ 'ਰਾਸ਼ਟਰੀ ਮੁੱਛਾਂ' ਐਲਾਨ ਕਰ ਦੇਣਾ ਚਾਹੀਦਾ ਹੈ।



ਵਰਨਣ ਯੋਗ ਹੈ ਕਿ ਇਸ ਸਾਲ 26 ਫਰਵਰੀ ਨੂੰ ਬਾਲਾਕੋਟ ਏਅਰ ਸਟਰਾਈਕ ਤੋਂ ਬਾਅਦ ਪਾਕਿਸਤਾਨ ਵਿੱਚ ਦਾਖਲ ਹੋ ਕੇ ਵਿੰਗ ਕਮਾਂਡਰ ਅਭਿਨੰਦਨ ਨੇ ਉਨ੍ਹਾਂ ਦਾ ਲੜਾਕੂ ਜਹਾਜ਼ ਤਬਾਹ ਕਰ ਦਿੱਤਾ ਸੀ। ਅਧੀਰ ਰੰਜਨ ਨੇ ਕਿਹਾ ਕਿ ਬਾਲਾਕੋਟ ਵਿਚ ਜੋ ਹਵਾਈ ਫੌਜ ਨੇ ਏਅਰ ਸਟਰਾਈਕ ਕੀਤੀ ਸੀ, ਕਾਂਗਰਸ ਉਸ ਦਾ ਸਮਰਥਨ ਕਰਦੀ ਹੈ। ਨਾਲ ਉਨ੍ਹਾਂ ਨੇ ਮੰਗ ਰੱਖੀ ਕਿ ਵਿੰਗ ਕਮਾਂਡਰ ਅਭਿਨੰਦਨ ਨੂੰ ਇਨਾਮ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਮੁੱਛਾਂ ਨੂੰ 'ਰਾਸ਼ਟਰੀ ਮੁੱਛਾਂ' ਐਲਾਨ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਸਾਡੇ ਨੌਜਵਾਨ ਇਸ ਤੋਂ ਪ੍ਰੇਰਤ ਹੋਣ।

ਪਾਰਲੀਮੈਂਟ ਵਿੱਚ ਅਧੀਰ ਰੰਜਨ ਵੱਲੋਂ ਕੀਤੀ ਇਸ ਮੰਗ ਉੱਤੇ ਤਾੜੀਆਂ ਵੱਜੀਆਂ। ਅਸਲ ਵਿੱਚ 14 ਫਰਵਰੀ ਨੂੰ ਜਦੋਂ ਪਾਕਿਸਤਾਨੀ ਅੱਤਵਾਦੀਆਂ ਨੇ ਪੁਲਵਾਮਾ ਵਿਚ ਅੱਤਵਾਦੀ ਹਮਲਾ ਕੀਤਾ ਤਾਂ ਉਸ ਪਿੱਛੋਂ 26 ਫਰਵਰੀ ਨੂੰ ਹਵਾਈ ਫੌਜ ਨੇ ਬਾਲਾਕੋਟ ਵਿਚ ਏਅਰ ਸਟਰਾਈਕ ਕੀਤੀ ਸੀ। ਇਸ ਏਅਰ ਸਟਰਾਈਕ ਦੇ ਅਗਲੇ ਦਿਨ ਪਾਕਿਸਤਾਨੀ ਹਵਾਈ ਫੌਜ ਨੇ ਪਲਟਵਾਰ ਕੀਤਾ ਸੀ, ਜਿਸ ਦੇ ਜਵਾਬ ਵਿਚ ਵਿੰਗ ਕਮਾਂਡਰ ਅਭਿਨੰਦਨ ਉਨ੍ਹਾਂ ਦੇ ਜਹਾਜ਼ ਦਾ ਪਿਛਾ ਕਰਦੇ ਸਮੇਂ ਪਾਕਿਸਤਾਨੀ ਸਰਹੱਦ ਵਿੱਚ ਜਾ ਡਿੱਗੇ ਸਨ। ਅਭਿਨੰਦਨ ਨੂੰ ਪਾਕਿਸਤਾਨੀ ਫੌਜ ਨੇ ਫੜ ਲਿਆ ਅਤੇ ਉਹ ਕਰੀਬ 2 ਦਿਨ ਓਥੇ ਰਹੇ ਸਨ, ਪਰ ਭਾਰਤੀ ਕੂਟਨੀਤੀ ਦੇ ਦਬਾਅ ਵਿਚ ਪਾਕਿਸਤਾਨ ਨੂੰ ਉਨ੍ਹਾਂ ਨੂੰ ਛੱਡਣਾ ਪਿਆ।





# ਪਾਕਿ ਕਬਜ਼ੇ ਵਾਲੇ ਕਸ਼ਮੀਰ ਵਿੱਚ ਲੋਕਾਂ ਉੱਤੇ ਜ਼ੁਲਮ ਦੇ ਚਰਚੇ



ਬਰਮਿੰਘਮ, 24 ਜੂਨ (ਪੋਸਟ ਬਿਊਰੋ)- ਯੂਰਪੀ ਦੇਸ਼ਾਂ ਵਿੱਚ ਰਹਿਣ ਵਾਲੇ ਕਸ਼ਮੀਰੀ ਕੱਲ੍ਹ ਬ੍ਰਿਟੇਨ ਦੇ ਬਰਮਿੰਘਮ ਵਿੱਚ ਇਕੱਠੇ ਹੋਏ ਅਤੇ ਉਨ੍ਹਾਂ ਨੇ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਵਿੱਚ ਹੁੰਦੇ ਜ਼ੁਲਮ ਦੇ ਖਿਲਾਫ ਆਵਾਜ਼ ਉਠਾਈ। ਇਸ ਸੰਮੇਲਨ ਵਿੱਚ ਕਿਹਾ ਗਿਆ ਕਿ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ, ਗਿਲਗਿਤ ਤੇ ਬਾਲਤਿਸਤਾਨ ਵਿੱਚ ਪਾਕਿ ਫੌਜ ਦਾ ਜ਼ੁਲਮ ਜਾਰੀ ਹੈ। ਇਹ ਸੰਮੇਲਨ ਸ਼ਾਂਤੀ, ਮਨੁੱਖੀ ਅਧਿਕਾਰ ਅਤੇ ਅੱਤਵਾਦ ਬਾਰੇ ਕੀਤਾ ਗਿਆ ਸੀ।

ਕਈ ਦੇਸ਼ਾਂ ਤੋਂ ਆਏ ਡੈਲੀਗੇਟਾਂ ਵਾਲੇ ਇਸ ਸੰਮੇਲਨ ਵਿੱਚ ਇਲਾਕੇ ਦੀ ਜ਼ਮੀਨ ਦੀ ਵਰਤੋਂ ਬਦਲਦੇ ਹੋਏ ਉਥੋਂ ਦੇ ਕੁਦਰਤੀ ਸਾਧਨਾਂ ਦੀ ਅੰਨ੍ਹੇਵਾਹ ਵਰਤੋਂ 'ਤੇ ਚਿੰਤਾ ਪ੍ਰਗਟ ਕੀਤੀ ਗਈ ਅਤੇ ਬੁਲਾਰਿਆਂ ਨੇ ਸਾਫ ਕਿਹਾ ਕਿ ਗਿਲਗਿਤ ਤੇ ਬਾਲਤਿਸਤਾਨ ਦਾ ਖੇਤਰ ਦੁਨੀਆ ਦੇ ਸਭ ਤੋਂ ਪੱਛੜੇ ਇਲਾਕਿਆਂ ਵਿੱਚੋਂ ਹੈ, ਪਰ ਪਾਕਿ-ਸਤਾਨ ਉਸ ਬਾਰੇ ਆਪਣੀ ਨੀਤੀ ਨਹੀਂ ਬਦਲ ਰਿਹਾ। ਪਾਕਿਸਤਾਨ ਸਰਕਾਰ ਉਥੇ ਅੱਤਵਾਦ ਨੂੰ ਹਥਿਆਰ ਦੇ ਰੂਪ ਵਿੱਚ ਵਰਤਦੀ ਹੈ।

ਯੂਨਾਈਟਿਡ ਕਸ਼ਮੀਰ ਪੀਪਲਜ਼ ਨੈਸ਼ਨਲ ਪਾਰਟੀ ਦੇ ਚੇਅਰਮੈਨ ਸ਼ੌਕਤ ਅਲੀ ਕਸ਼ਮੀਰੀ ਨੇ ਕਿਹਾ ਕਿ ਇਲਾਕੇ ਤੋਂ ਹੋ ਕੇ ਵਹਿੰਦੀਆਂ ਨੀਲਮ ਤੇ ਜੇਹਲਮ ਨਦੀਆਂ ਦੀ ਦਿਸ਼ਾ ਬਦਲ ਦਿੱਤੀ ਗਈ ਹੈ। ਇਸ ਖਿਲਾਫ ਤਿੰਨ ਮਹੀਨੇ ਤੋਂ ਇਲਾਕੇ ਵਿੱਚ ਅੰਦੋਲਨ ਹੋ ਰਿਹਾ ਹੈ, ਪਰ ਇਲਾਕੇ ਦੀ ਲੋਕਲ ਸਰਕਾਰ ਅਤੇ ਪਾਕਿਸਤਾਨ ਦੀ ਇਮਰਾਨ ਖਾਨ ਸਰਕਾਰ ਨੇ ਇਸ ਬਾਰੇ ਇੱਕ ਸ਼ਬਦ ਨਹੀਂ ਬੋਲਿਆ। ਨਦੀਆਂ ਦੀ ਦਿਸ਼ਾ ਬਦਲਣ ਦੇ ਵਿਰੋਧ ਵਿੱਚ ਲੋਕ ਪੱਕੇ ਧਰਨੇ 'ਤੇ ਬੈਠੇ ਹਨ, ਪ੍ਰੰਤੂ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਪਾਕਿ ਸੁਰੱਖਿਆ ਬਲਾਂ ਨੇ 30 ਤੋਂ ਵੱਧ ਅੰਦੋਲਨਕਾਰੀਆਂ ਨੂੰ ਗ੍ਰਿਫਤਾਰ ਵੀ ਕਰ ਰੱਖਿਆ ਹੈ ਜਿਨ੍ਹਾਂ ਦਾ ਕੋਈ ਪਤਾ ਨਹੀਂ ਚੱਲ ਰਿਹਾ।

# ਕੰਬੋਡੀਆ ਵਿੱਚ ਬਣ ਰਹੀ ਇਮਾਰਤ ਢਹਿਣ ਨਾਲ 17 ਮੌਤਾਂ



*ਇਮਾਰਤ ਦਾ ਮਲਬਾ ਹਟਾਉਂਦੇ ਸੁਰੱਖਿਆ ਕਰਮੀ।*

ਨੋਮ ਪੇਨਹ, 24 ਜੂਨ (ਪੋਸਟ ਬਿਊਰੋ)- ਕੰਬੋਡੀਆ ਵਿੱਚ ਬਣਦੀ ਪਈ ਇਮਾਰਤ ਡਿੱਗਣ ਦੀ ਘਟਨਾ ਵਿੱਚ ਮਰਨ ਵਾਲੇ ਲੋਕਾਂ ਦੀ ਗਿਣਤੀ ਵਧ ਕੇ 17 ਤੱਕ ਪਹੁੰਚ ਗਈ ਹੈ। ਅਧਿਕਾਰੀਆਂ ਨੇ ਕੱਲ੍ਹ ਦੱਸਿਆ ਕਿ ਇਮਾਰਤ ਦਾ ਨਿਰਮਾਣ ਚੀਨ ਦੀ ਇੱਕ ਕੰਪਨੀ ਕਰ ਰਹੀ ਸੀ। ਘਟਨਾ ਦੱਖਣ ਪੱਛਮੀ ਕੰਬੋਡੀਆ ਦੇ ਤੱਟ ਵਰਤੀ ਸਿਹਾਨੂਕਵਿਲੇ ਕਸਬੇ ਦੇ ਕਸੀਨੋ-ਰਿਜ਼ਾਰਟ ਵਿੱਚ ਹੋਈ ਸੀ। ਇਸ ਸੰਬੰਧ ਵਿੱਚ ਚੀਨੀ ਇਮਾਰਤ ਦੇ ਮਾਲਕ, ਨਿਰਮਾਣ ਕੰਪਨੀ ਦੇ ਮੁਖੀ ਅਤੇ ਠੇਕੇਦਾਰ ਸਮੇਤ ਚਾਰ ਲੋਕਾਂ ਨੂੰ ਹਿਰਾ-ਸਤ ਵਿੱਚ ਲਿਆ ਗਿਆ ਹੈ। ਸੱਤ ਮੰਜ਼ਿਲਾ ਇਮਾਰਤ ਦੇ ਬਣਨ ਦਾ ਕੰਮ ਲਗਭਗ ਪੂਰਾ ਹੋ ਗਿਆ ਸੀ। ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਪ੍ਰੀਹ ਸਿਹਾਨੁਕ ਸੂਬੇ ਦੇ ਅਧਿਕਾਰੀਆਂ ਨੇ ਦੱਸਿਆ ਹੈ ਕਿ ਦੁਰਘਟਨਾ 'ਚ 17 ਲੋਕਾਂ ਦੀ ਮੌਤ ਹੋ ਗਈ ਅਤੇ 24 ਜ਼ਖਮੀ ਹਨ।

# ਬ੍ਰਿਟਿਸ਼ ਪ੍ਰਧਾਨ ਮੰਤਰੀ ਦੇ ਦਾਅਵੇਦਾਰ ਜੌਹਨਸਨ ਦੀ ਸਾਥਣ ਦੇ ਘਰ ਪੁਲਸ ਪਹੁੰਚੀ





ਲੰਡਨ, 24 ਜੂਨ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਦਾਅਵੇਦਾਰ ਸਾਬਕਾ ਵਿਦੇਸ਼ ਮੰਤਰੀ ਬੋਰਿਸ ਜੌਹਨਸਨ ਦੀ ਸਾਥਣ ਕੈਰੀ ਸੇਮੰਡ ਦੇ ਫਲੈਟ ਵਿੱਚੋਂ ਆਵਾਜ਼ਾਂ ਸੁਣ ਕੇ ਗੁਆਂਢੀ ਟੌਮ ਪਿੰਨ ਵੱਲੋਂ ਪੁਲਸ ਸੱਦਣ ਦਾ ਮਾਮਲਾ ਪਤਾ ਲੱਗਾ ਹੈ। ਟੌਮ ਪਿੰਨ ਨੇ ਅਖਬਾਰ ਗਾਰਡੀਅਨ ਨੂੰ ਦੱਸਿਆ ਕਿ ਘਰ 'ਚੋਂ ਕਿਸੇ ਦੇ ਚੀਕਣ ਦੀਆਂ ਆਵਾਜ਼ਾਂ ਸੁਣੀਆਂ ਤੇ ਉਨ੍ਹਾਂ ਬਾਅਦ ਵਿੱਚ ਆਪਣੀ ਪਤਨੀ ਨਾਲ ਘਰ ਦਾ ਮੁੱਖ ਦਰਵਾਜ਼ਾ ਵੀ ਖੜਕਾਇਆ ਹੈ, ਪਰ ਕਿਸੇ ਨੇ ਦਰਵਾਜ਼ਾ ਨਹੀਂ ਖੋਲ੍ਹਿਆ। ਆਖਰ ਉਨ੍ਹਾਂ ਨੇ ਸੁਰੱਖਿਆ ਦਾ ਧਿਆਨ ਕਰਦੇ ਹੋਏ ਪੁਲਸ ਨੂੰ ਸੂਚਿਤ ਕੀਤਾ। ਮੌਕੇ 'ਤੇ ਪਹੁੰਚੀ ਪੁਲਸ ਨੇ ਕਿਹਾ ਹੈ ਕਿ ਘਰ ਵਿੱਚ ਕਿਸੇ ਤਰ੍ਹਾਂ ਦੀ ਕੋਈ ਅਣਸੁਖਾਵੀਂ ਘਟਨਾ ਨਹੀਂ ਹੋਈ।

ਗਾਰਡੀਅਨ ਅਖਬਾਰ ਦੇ ਅਨੁਸਾਰ ਟੌਮ ਪਿੰਨ ਨੇ ਦਾਅਵਾ ਕੀਤਾ ਸੀ ਕਿ ਉਸ ਨੇ ਗੁੱਸੇ ਭਰੇ ਲਹਿਜ਼ੇ ਵਿੱਚ ਘਰ 'ਚੋਂ ਚਲੇ ਜਾਣ ਲਈ ਸੁਣਿਆ ਸੀ। ਉਸ ਦੇ ਅਨੁਸਾਰ ਇਹ ਆਵਾਜ਼ਾਂ ਕੈਰੀ ਸੇਮੰਡ ਨੇ ਬੋਰਿਸ ਜੌਹਨਸਨ ਨੂੰ ਦਿੱਤੀਆਂ ਸਨ ਤੇ ਬੋਰਿਸ ਨੂੰ ਫਲੈਟ ਵਿੱਚੋਂ ਚਲੇ ਜਾਣ ਲਈ ਵਾਰ ਵਾਰ ਕਿਹਾ ਸੀ। ਟੌਮ ਨੇ ਕਿਹਾ ਕਿ ਕੋਈ ਵੀ ਗੁਆਂਢੀ ਹੁੰਦਾ, ਉਹ ਏਦਾਂ ਦੀਆਂ ਆਵਾਜ਼ਾਂ ਸੁਣ ਕੇ ਇਹੀ ਕਰਦਾ। ਮਿਸ ਸੇਮੰਡ ਨੇ ਕਿਹਾ ਕਿ ਐੱਮ ਪੀ ਨੇ ਸੋਫੇ ਉਤੇ ਰੈਡ ਵਾਈਨ ਡੋਲ ਦਿੱਤੀ ਸੀ, ਜਿਸ ਕਰ ਕੇ ਉਸ ਨੇ ਸਿਰਫ ਇਹ ਕਿਹਾ ਸੀ ਕਿ ਤੈਨੂੰ ਕਿਸੇ ਗੱਲ ਦੀ ਪ੍ਰਵਾਹ ਨਹੀਂ, ਕਿਉਂਕਿ ਤੂੰ ਇਹ ਡੋਲ੍ਹੀ ਹੈ। ਬੀ ਬੀ ਸੀ ਨਿਊਜ਼ ਦੇ ਅਨੁਸਾਰ ਇੱਕ ਹੋਰ ਗੁਆਂਢੀ, ਜਿਸ ਨੇ ਆਪਣਾ ਨਾਂਅ ਫਾਤਿਮਾ ਦੱਸਿਆ ਸੀ, ਨੇ ਕਿਹਾ ਕਿ ਉਸ ਨੇ ਇੱਕ ਔਰਤ ਦੀ ਆਵਾਜ਼ ਸੁਣੀ ਸੀ, ਜੋ ਚੀਕ ਰਹੀ ਸੀ। ਬੋਰਿਸ ਦੇ ਹਮਾਇਤੀਆਂ ਨੇ ਇਸ ਨੂੰ ਰਾਜਸੀ ਸਟੰਟ ਕਿਹਾ ਹੈ। ਉਨ੍ਹਾਂ ਕਿਹਾ ਕਿ ਇਹ ਟੋਰੀ ਪਾਰਟੀ ਪ੍ਰਤੀ ਨਫਰਤ ਹੈ। ਟੌਮ ਪਿੰਨ ਦੀ ਪਤਨੀ ਈਵ ਲੇਗ ਨੇ ਪਹਿਲਾਂ ਟਵਿੱਟਰ 'ਤੇ ਦਾਅਵਾ ਕੀਤਾ ਸੀ ਕਿ ਉਸ ਨੇ ਬੋਰਿਸ ਨੂੰ ਗਲਤ ਇਸ਼ਾਰਾ ਕੀਤਾ ਸੀ। ਬੋਰਿਸ ਜੌਹਨਸਨ ਨੇ ਭਾਰਤੀ ਮੂਲ ਦੀ ਔਰਤ ਮਾਰੀਨਾ ਵ੍ਹੀਲਰ ਨਾਲ 2018 ਵਿੱਚ 25 ਸਾਲ ਦਾ ਵਿਆਹੁਤਾ ਜੀਵਨ ਪਿੱਛੋਂ ਤਲਾਕ ਲੈ ਲਿਆ ਸੀ। ਖਬਰਾਂ ਮੁਤਾਬਕ ਕੈਰੀ ਸੇਮੰਡ ਆਪਣੇ ਘਰ 'ਚ ਜਾਣ ਤੋਂ ਵੀ ਡਰ ਰਹੀ ਹੈ ਕਿਉਂਕਿ ਉਸ ਨੂੰ ਨਫਰਤ ਭਰੀਆਂ ਚਿੱਠੀਆਂ ਮਿਲ ਰਹੀਆਂ ਹਨ। ਕੈਰੀ ਨੇ ਪੁਲਸ ਕੋਲ ਉਕਤ ਜੋੜੇ ਦੀ ਸ਼ਿਕਾਇਤ ਵੀ ਕੀਤੀ ਹੈ।

# ਸ਼੍ਰੀਲੰਕਾ ਵਿੱਚ ਬੋਧੀ ਧਰਮ ਗੁਰੂ ਵੱਲੋਂ 'ਮੁਸਲਿਮਾਂ ਨੂੰ ਪੱਥਰ ਮਾਰੋ' ਦਾ ਹੋਕਾ



ਕੋਲੰਬੋ, 24 ਜੂਨ (ਪੋਸਟ ਬਿਊਰੋ)- ਸ਼੍ਰੀਲੰਕਾ ਵਿਚ ਈਸਟਰ ਐਤਵਾਰ ਵਾਲੇ ਹਮਲੇ ਪਿੱਛੋਂ ਮੁਸਲਿਮ ਭਾਈਚਾਰਾ ਨਿਸ਼ਾਨੇ ਉੱਤੇ ਹੈ। ਇਕ ਮੁਸਲਿਮ ਡਾਕਟਰ ਦੇ ਬੋਧੀ ਔਰਤਾਂ ਦੀ ਗੁਪਤ ਤਰੀਕੇ ਨਾਲ ਨਸਬੰਦੀ ਕਰਾਉਣ ਦੀ ਅਸਪੱਸ਼ਟ ਰਿਪੋਰਟ ਆਉਣ ਪਿੱਛੋਂ ਬੋਧੀ ਭਿਕਸ਼ੂ ਗਿਆਨਰਤਨ ਥੇਰੋ ਨੇ ਘੱਟ ਗਿਣਤੀ ਭਾਈਚਾਰੇ ਵਿਰੁੱਧ ਹਿੰਸਾ ਦਾ ਹੋਕਾ ਦੇ ਦਿੱਤਾ ਹੈ। ਇਸ ਤੋਂ ਮੁਸਲਿਮ ਭਾਈਚਾਰਾ ਦਹਿਸ਼ਤ ਵਿਚ ਹੈ। ਮੁਸਲਿਮ ਭਾਈਚਾਰੇ ਦੇ ਕਾਰਕੁੰਨਾਂ, ਸਿਆ-ਸਤਦਾਨਾਂ ਤੇ ਮੈਂਬਰਾਂ ਦਾ ਕਹਿਣਾ ਹੈ ਕਿ ਵਰਾਕਗੋੜਾ ਗਿਆਨਰਤਨ ਥੇਰੋ ਦੇ ਭਾਸ਼ਣ ਦੇ ਬਾਅਦ ਫਿਰਕੂ ਤਣਾਅ ਵਧਣਾ ਤੈਅ ਹੈ।

ਵਰਨਣ ਯੋਗ ਹੈ ਕਿ ਸ਼੍ਰੀਲੰਕਾ ਵਿੱਚ ਈਸਟਰ ਹਮਲੇ ਦੇ ਬਾਅਦ ਤੋਂ ਮੁਸਲਿਮ ਭਾਈਚਾਰੇ ਦੇ ਲੋਕਾਂ ਦੇ ਘਰਾਂ ਅਤੇ ਦੁਕਾਨਾਂ ਉੱਤੇ ਹਮਲੇ ਕੀਤੇ ਜਾ ਰਹੇ ਹਨ। ਇਸ ਮਾਹੌਲ ਵਿੱਚ ਪ੍ਰਭਾਵਸ਼ਾਲੀ ਬੋਧੀ ਭਿਕਸ਼ੂ ਗਿਆਨਰਤਨ ਥੇਰੋ ਨੇ ਕਿਹਾ ਕਿ ਕੁਰੇਨੇਗਲਾ ਦੇ ਇਕ ਮੁਸਲਿਮ ਡਾਕਟਰ ਨੇ ਗੁਪਤ ਤਰੀਕੇ ਨਾਲ 4000 ਬੋਧੀ ਔਰਤਾਂ ਦੀ ਨਸਬੰਦੀ ਕੀਤੀ ਹੈ। ਨੈਸ਼ਨਲ ਟੀ ਵੀ ਚੈਨਲ ਉੱਤੇ ਆਪਣੇ ਭਾਸ਼ਣ ਵਿਚ ਉਸ ਨੇ ਕਿਹਾ, 'ਕੁਝ ਮਹਿਲਾ ਭਿਕਸ਼ਣੀਆਂ ਦਾ ਕਹਿਣਾ ਹੈ ਕਿ ਉਸ ਡਾਕਟਰ ਵਰਗੇ ਲੋਕਾਂ ਨੂੰ ਪੱਥਰ ਮਾਰ-ਮਾਰ ਕੇ ਮਾਰ ਦੇਣਾ ਚਾਹੀਦਾ ਹੈ।' ਥੇਰੋ ਨੇ ਕੈਂਡੀ ਸ਼ਹਿਰ ਦੇ ਮੰਦਰ ਵਿਚ ਆਪਣੇ ਭਗਤਾਂ ਨੂੰ ਮੁਸਲਿਮਾਂ ਦੀਆਂ ਦੁਕਾਨਾਂ, ਰੈਸਟੋਰੈਂਟਾਂ ਤੇ ਕਾਰੋਬਾਰਾਂ ਦਾ ਬਾਈਕਾਟ ਕਰਨ ਦੀ ਅਪੀਲ ਕੀਤੀ। ਉਸ ਨੇ ਲੰਬੇ ਸਮੇਂ ਤੋਂ ਚੱਲ ਰਹੀ ਉਸ ਅਫਵਾਹ ਨੂੰ ਦੁਹਰਾਇਆ, ਜਿਸ ਵਿਚ ਕਿਹਾ ਗਿਆ ਸੀ ਕਿ ਮੁਸਲਿਮ ਰੈਸਟੋਰੈਂਟਾਂ ਦੇ ਵਿਚ ਬੋਧੀ ਗਾਹਕਾਂ ਨੂੰ ਨਸਬੰਦੀ ਵਾਲੀ ਦਵਾਈ ਮਿਲਾ ਕੇ ਦਿੱਤੀ ਜਾਂਦੀ ਹੈ। ਸ਼ਨੀਵਾਰ ਨੂੰ ਥੇਰੋ ਨੇ ਆਪਣੇ ਬਿਆਨ ਦਾ ਬਚਾਅ ਕਰਦੇ ਹੋਏ ਕਿਹਾ, 'ਮੈਂ ਸਿਰਫ ਉਹੀ ਗੱਲਾਂ ਕਹੀਆਂ ਹਨ, ਜੋ ਬਹੁ ਗਿਣਤੀ ਦੇ ਮਨ ਵਿਚ ਚੱਲ ਰਹੀਆਂ ਹਨ।

ਵਰਨਣ ਯੋਗ ਹੈ ਕਿ ਸ਼੍ਰੀਲੰਕਾ ਵਿਚ ਬੋਧੀ ਲੋਕਾਂ ਦੀ ਆਬਾਦੀ 70 ਫੀਸਦੀ ਹੈ ਅਤੇ ਉਨ੍ਹਾਂ ਦੀ ਕੁੱਲ ਆਬਾਦੀ 2.1 ਕਰੋੜ ਹੈ ਤੇ ਮੁਸਲਿਮ ਭਾਈਚਾਰਾ ਸਿਰਫ 10 ਫੀਸਦੀ ਹੈ। ਮੁਸਲਿਮ ਕਾਰਕੁੰਨਾਂ ਨੇ ਇਸ ਨੂੰ 'ਹੇਟ ਸਪੀਚ' ਮੰਨਿਆ ਅਤੇ ਰਾਸ਼ਟਰਪਤੀ ਮੈਤਰੀਪਾਲਾ ਸਿਰੀਸੈਨਾ ਤੋਂ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਸ ਭਾਈਚਾਰੇ ਦੇ ਲੋਕਾਂ ਦਾ ਕਹਿਣਾ ਹੈ ਕਿ ਬੋਧੀ ਭਿਕਸ਼ੂ ਦੇ ਇਸ ਬਿਆਨ ਨਾਲ ਉਨ੍ਹਾਂ ਨੂੰ ਡਰ ਹੈ ਕਿ ਉਨ੍ਹਾਂ ਵਿਰੁੱਧ ਹਿੰਸਾ ਭੜਕ ਸਕਦੀ ਹੈ।

ਮਨੁੱਖੀ ਅਧਿਕਾਰ ਕਾਰਕੁੰਨ ਸ਼ਿਰੀਨ ਅਬਦੁੱਲ ਸਰੂਰ ਨੇ ਕਿਹਾ, 'ਇੰਨੇ ਵੱਡੇ ਅਹੁਦੇ ਦਾ ਕੋਈ ਸ਼ਖਸ ਫਰਜ਼ੀ ਦੋਸ਼ ਦੁਹਰਾ ਰਿਹਾ ਤੇ ਮੁਸਲਿਮ ਭਾਈਚਾਰੇ ਵਿਰੁੱਧ ਨਫਰਤ ਫੈਲਾ ਰਿਹਾ ਹੈ। ਜੇ ਨੌਜਵਾਨ ਪੀੜ੍ਹੀ ਇਸ ਨੂੰ ਗੰਭੀਰਤਾ ਨਾਲ ਲੈਂਦੀ ਹੈ ਤਾਂ ਹਿੰਸਾ ਭੜਕ ਸਕਦੀ ਹੈ।' ਕੈਮਬ੍ਰਿਜ ਯੂਨੀਵਰਸਿਟੀ ਦੀ ਖੋਜ ਕਰਤਾ ਫਰਜ਼ਾਨਾ ਹਨੀਫਾ ਮੁਤਾਬਕ 'ਗਿਆਨਰਤਨ ਦਾ ਭਾਸ਼ਣ ਉਨ੍ਹਾਂ ਘਟਨਾਕ੍ਰਮਾਂ ਵਿਚੋਂ ਇਕ ਹੈ, ਜਿਨ੍ਹਾਂ ਵਿਚ 21 ਅਪ੍ਰੈਲ ਨੂੰ ਈਸਟਰ ਸੰਡੇ ਨੂੰ ਹੋਏ ਹਮਲੇ ਪਿੱਛੋਂ ਮੁਸਲਿਮਾਂ ਦੇ ਵਿਰੁੱਧ ਭਾਵਨਾਵਾਂ ਭੜਕਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

# ਲੜਕੀਆਂ ਦਾ ਖੇਡਣਾ ਮਨ੍ਹਾ ਸੀ, ਲੜਕਿਆਂ ਨਾਲ ਖੇਡਣ ਵਾਲੀ ਅੱਜ ਵਰਲਡ ਕੱਪ ਵਿੱਚ ਚਮਕੀ



ਫਰਾਂਸ, 24 ਜੂਨ (ਪੋਸਟ ਬਿਊਰੋ)- ਫਰਾਂਸ ਵਿੱਚ ਔਰਤਾਂ ਦਾ ਫੁੱਟਬਾਲ ਵਰਲਡ ਕੱਪ ਚੱਲ ਰਿਹਾ ਹੈ। ਇਸ ਵਰਲਡ ਕੱਪ ਵਿੱਚ ਸਭ ਤੋਂ ਵੱਧ ਚਰਚਾ ਅੱਜ ਤੱਕ 17 ਗੋਲ ਦਾਗਣ ਵਾਲੀ ਮਾਰਟਾ ਦੀ ਹੋ ਰਹੀ ਹੈ।

ਉਸ ਦਾ ਪੂਰਾ ਨਾਂਅ ਮਾਰਟਾ ਵਿਅਰਾ ਡੀ ਸਿਲਵਾ ਹੈ। 33 ਸਾਲ ਦੀ ਮਾਰਟਾ ਛੇ ਵਾਰ ਸੰਸਾਰ ਫੁੱਟਬਾਲ ਫੈਡਰੇਸ਼ਨ (ਫੀਫਾ) ਦੀ ਵੂਮੈਨ ਪਲੇਅਰ ਆਫ ਈਅਰ (2006-10, 2018) ਦਾ ਖਿਤਾਬ ਜਿੱਤ ਚੁੱਕੀ ਹੈ। ਬਰਾਜ਼ੀਲ ਵਿੱਚ 1941 ਤੋਂ 1979 ਤੱਕ ਲੜਕੀਆਂ ਦੇ ਫੁੱਟਬਾਲ ਖੇਡਣ 'ਤੇ ਪਾਬੰਦੀ ਸੀ। ਉਸ ਦੇ ਬਾਅਦ ਵੀ ਸਮਾਜਕ ਪੱਖੋਂ ਇਹ ਖੇਡ ਔਰਤਾਂ ਦੇ ਲਈ ਆਮ ਨਹੀਂ ਸੀ, ਪ੍ਰੰਤ ਡਿਓ ਰਿਕੋ ਕਸਬੇ ਵਿੱਚ ਪਲੀ ਤੇ ਵੱਡੀ ਹੋਈ ਮਾਰਟਾ ਸੱਤ-ਅੱਠ ਸਾਲ ਦੀ ਉਮਰ ਤੋਂ ਹੀ ਇਸ ਖੇਡ ਦੇ ਲਈ ਜਨੂੰਨੀ ਸੀ। ਓਦੋਂ ਸਕੂਲਾਂ ਵਿੱਚ ਵੀ ਲੜਕੀਆਂ ਨੂੰ ਫੁੱਟਬਾਲ ਨਹੀਂ ਖੇਡਣ ਦਿੱਤਾ ਜਾਂਦਾ ਸੀ। ਮਾਰਟਾ ਆਪਣੇ ਭਰਾ ਦੇ ਨਾਲ ਸੜਕ 'ਤੇ ਫੁੱਟਬਾਲ ਖੇਡਦੀ ਸੀ। ਲੋਕ ਵਿਰੋਧ ਕਰਦੇ ਤਾਂ ਪਰਵਾਰ ਵੀ ਰੋਕ-ਟੋਕ ਕਰਨ ਲੱਗਾ, ਪਰ ਮਾਰਟਾ ਰੁਕੀ ਨਹੀਂ। 14 ਸਾਲ ਦੀ ਹੋਈ ਤਾਂ ਉਸ ਨੂੰ ਲੋਕਲ ਕਲੱਬ ਵਿੱਚ ਸ਼ਾਮਲ ਹੋਣ ਦਾ ਆਫਰ ਮਿਲਿਆ। ਉਹ ਜਾਣਦੀ ਸੀ ਕਿ ਜੇ ਅੱਜ ਖੇਡਣ ਦਾ ਫੈਸਲਾ ਕੀਤਾ ਤਾਂ ਦੂਸਰੀਆਂ ਲੜਕੀਆਂ ਲਈ ਵੀ ਖੇਡਣ ਦੀ ਰਾਹ ਖੁੱਲ੍ਹੇਗੀ।

ਅੱਜ ਮਾਰਟਾ ਬਰਾਜ਼ੀਲ ਦੀ ਮਹਿਲਾ ਫੁੱਟਬਾਲ ਟੀਮ ਦੀ ਕਪਤਾਨ ਤੇ ਯੂ ਐਨ ਦੀ ਗੁਡਵਿਲ ਅੰਬੈਸਡਰ ਹੈ। ਉਹ ਚਾਹੁੰਦੀ ਹੈ ਕਿ ਉਸ ਦੀ ਕਹਾਣੀ ਦੁਨੀਆ ਦੀ ਹਰ ਲੜਕੀ ਤੱਕ ਪਹੁੰਚੇ, ਤਾਂ ਕਿ ਹਿੰਮਤ ਨਾਲ ਫੈਸਲੇ ਲੈ ਕੇ ਅੱਗੇ ਵਧਣ ਅਤੇ ਅਗਲੀ ਮਾਰਟਾ ਬਣਨ। ਇਸ ਲਈ ਉਹ ਲੋਕਲ ਪੱਧਰ 'ਤੇ ਲੜਕੀਆਂ ਨੂੰ ਫੁੱਟਬਾਲ ਵਿੱਚ ਟਰੇਨਿੰਗ ਵੀ ਦੇ ਰਹੀ ਹੈ।

# ਇਥੋਪੀਆ ਦੀ ਫੌਜ ਦੇ ਮੁਖੀ ਦੀ ਗੋਲੀ ਮਾਰ ਕੇ ਹੱਤਿਆ



ਅਦੀਸ ਅਬਾਬਾ, 24 ਜੂਨ (ਪੋਸਟ ਬਿਊਰੋ)- ਅਫਰੀਕੀ ਦੇਸ਼ ਇਥੋਪੀਆ 'ਚ ਸੱਤਾ ਪਲਟਣ ਦੀ ਕੋਸ਼ਿਸ਼ ਦੌਰਾਨ ਦੇਸ਼ ਦੇ ਫੌਜੀ ਕਮਾਂਡਰ ਸਮੇਤ ਘੱਟੋ-ਘੱਟ ਤਿੰਨ ਵਿਅਕਤੀਆਂ ਦੀ ਕੱਲ੍ਹ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ।

ਇਥੋਪੀਆ ਦੇ ਪ੍ਰਧਾਨ ਮੰਤਰੀ ਅਬੀ ਅਹਿਮਦ ਨੇ ਟੀ ਵੀ ਉੱਤੇ ਦੱਸਿਆ ਕਿ ਦੇਸ਼ ਦੇ ਇੱਕ ਖੁਦ ਮੁਖਤਿਆਰ ਸੂਬੇ ਅਮਹਾਰਾ ਵਿਖੇ ਤਖਤਾ ਪਲਟ ਦੇ ਯਤਨਾਂ ਦੌਰਾਨ ਇਹ ਘਟਨਾ ਵਾਪਰੀ ਹੈ। ਫੌਜ ਦੀ ਵਰਦੀ ਪਹਿਨੀ ਅਹਿਮਦ ਨੇ ਦੱਸਿਆ ਕਿ ਫੌਜ ਦੇ ਕਮਾਂਡਰ ਸੀਅਰੇ ਅਤੇ ਮੈਕੋਨੇਨ ਨੂੰ ਉਨ੍ਹਾਂ ਦੇ ਹੀ ਇੱਕ ਸੁਰੱਖਿਆ ਮੁਲਾਜ਼ਮ ਨੇ ਕਤਲ ਕੀਤਾ ਹੈ। ਇਹ ਹਮਲਾ ਅਮਹਾਰਾ ਦੇ ਸੁਰੱਖਿਆ ਮੁਖੀ ਅਸਾਮੀਨਿਊ ਦੀ ਅਗਵਾਈ ਵਿੱਚ ਕੀਤਾ ਗਿਆ। ਇਸ ਦੌਰਾਨ ਖੇਤਰ ਦੇ ਇੱਕ ਫੌਜੀ ਮੁਖੀ ਅੰਬਾਚਿਊ ਅਤੇ ਇੱਕ ਹੋਰ ਅਧਿਕਾਰੀ ਦੀ ਵੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਸਮਝਿਆ ਜਾਂਦਾ ਹੈ ਕਿ ਇਹ ਹਮਲਾ ਪਹਿਲਾਂ ਤੋਂ ਬਣਾਈ ਗਈ ਯੋਜਨਾ ਦਾ ਹਿੱਸਾ ਸੀ। ਇਸ ਦੌਰਾਨ ਇੱਕ ਹੋਰ ਵਿਅਕਤੀ, ਜੋ ਘਟਨਾ ਸਮੇਂ ਮੌਕੇ 'ਤੇ ਖੜ੍ਹਾ ਸੀ, ਦੀ ਵੀ ਹੱਤਿਆ ਕਰ ਦਿੱਤੀ ਗਈ। ਘਟਨਾ ਲਈ ਜ਼ਿੰਮੇਵਾਰ ਸਕਿਓਰਿਟੀ ਗਾਰਡਾਂ ਨੂੰ ਗ੍ਰਿਫਤਾਰ ਕਰ ਲਿਆ ਹੈ।

# ਆਸਟ੍ਰੇਲੀਅਨ ਮੀਡੀਆ ਵੱਲੋਂ ਪੁਲਸ ਦੀ ਕਾਰਵਾਈ ਨੂੰ ਚੁਣੌਤੀ

ਸਿਡਨੀ, 24 ਜੂਨ (ਪੋਸਟ ਬਿਊਰੋ)- ਆਸਟ੍ਰੇਲੀਆ ਦੇ ਨੈਸ਼ਨਲ ਰੈਗੂਲੇਟਰ ਨੇ ਆਪਣੇ ਦਫਤਰਾਂ ਵਿਚ ਪੁਲਸ ਛਾਪੇ ਮਾਰੇ ਜਾਣ ਦੀ ਕਾਰਵਾਈ ਨੂੰ ਸੋਮਵਾਰ ਅਦਾਲਤ ਵਿਚ ਚੁਣੌਤੀ ਦੇ ਦਿੱਤੀ ਹੈ। ਇਸ ਦੇ ਨਾਲ ਇਸ ਵਿਵਾਦਤ ਕਾਰਵਾਈ ਦੌਰਾਨ ਜ਼ਬਤ ਕੀਤੀਆਂ ਫਾਈਲਾਂ ਦੀ ਵਾਪਸੀ ਦੀ ਮੰਗ ਕੀਤੀ ਹੈ। ਆਸਟ੍ਰੇਲੀਆਈ ਬ੍ਰਾਡਕਾਸਟਿੰਗ ਕਾਰਪੋਰੇਸ਼ਨ (ਏ ਬੀ ਸੀ) ਨੇ ਜ਼ਬਤ ਕੀਤੀਆਂ ਫਾਈਲਾਂ ਦੀ ਵਰਤੋਂ ਕਰਨ ਤੋਂ ਪੁਲਸ ਨੂੰ ਰੋਕੇਣ ਦੇ ਹੁਕਮ ਦੇਣ ਦੀ ਵੀ ਮੰਗ ਕੀਤੀ ਹੈ।

ਪਤਾ ਲੱਗਾ ਹੈ ਕਿ ਇਨ੍ਹਾਂ ਫਾਈਲਾਂ ਵਿਚ ਅਫਗਾਨਿਸਤਾਨ ਵਿਚ ਆਸਟ੍ਰੇਲੀਆਈ ਸਪੈਸ਼ਲ ਫੋਰਸਾਂ ਵੱਲੋਂ ਯੁੱਧ ਵਾਲੇ ਅਪਰਾਧਾਂ ਬਾਰੇ 2 ਸਾਲ ਪੁਰਾਣੀਆਂ ਜਾਂਚ ਰਿਪੋਰਟਾਂ ਹਨ। ਆਸਟ੍ਰੇਲੀਆਈ ਫੈਡਰਲ ਪੁਲਸ (ਏ ਐੱਫ ਪੀ) ਦੇ ਏਜੰਟਾਂ ਨੇ ਬੀਤੀ 5 ਜੂਨ ਨੂੰ ਸਿਡਨੀ ਵਿਚ ਏ ਬੀ ਸੀ ਦੇ ਹੈੱਡਕੁਆਰਟਰ ਵਿਚ ਛਾਪੇ ਮਾਰੇ ਸਨ। ਇਹ ਕਾਰਵਾਈ ਇਕ ਸਰਕਾਰੀ ਵ੍ਹਿਸਲ ਬਲੋਅਰ ਵੱਲੋਂ ਅਫਗਾਨ ਫਾਈਲਾਂ ਦੇ ਲੀਕ ਹੋਣ ਦੇ ਸ਼ੱਕ ਹੇਠ ਕੀਤੀ ਗਈ ਸੀ। ਏ ਐੱਫ ਪੀ ਵੱਲੋਂ ਕੈਨਬਰਾ ਦੀ ਇਕ ਪੱਤਰਕਾਰ ਦੇ ਘਰ ਵਿਚ ਛਾਪਾ ਮਾਰਨ ਤੇ ਗੁਪਤ ਸਰਕਾਰੀ ਯੋਜਨਾਵਾਂ ਉੱਤੇ ਲੱਗਭਗ ਇਕ ਸਾਲ ਪੁਰਾਣੇ ਲੇਖ ਉੱਤੇ ਫਾਈਲਾਂ ਤੇ ਕੰਪਿਊਟਰ ਜ਼ਬਤ ਕਰਨ ਦੇ ਇਕ ਦਿਨ ਬਾਅਦ ਇਹ ਆਪਰੇਸ਼ਨ ਕੀਤਾ ਸੀ।

ਰੂਪਰਟ ਮਰਡੋਕ ਦੀ ਮਾਲਕੀ ਵਾਲੀ ਮੀਡੀਆ ਕੰਪਨੀ ਨਿਊਜ਼ ਕੌਰਪ ਨੇ ਕੈਨਬਰਾ ਵਿੱਚ ਪੱਤਰਕਾਰ ਨੂੰ ਨਿਯੁਕਤ ਕੀਤਾ ਸੀ। ਨਿਊਜ਼ ਕੌਰਪ ਨੇ ਸੋਮਵਾਰ ਨੰ ਕਿਹਾ ਕਿ ਉਨ੍ਹਾਂ ਦੇ ਘਰ ਉੱਤੇ ਏ ਐੱਫ ਪੀ ਦੀ ਛਾਪੇ ਦੀ ਕਾਰਵਾਈ ਨੂੰ ਕਾਨੂੰਨੀ ਚੁਣੌਤੀ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ।




Honesty, Reliability, Commitment

Hira Randhawa
Broker

HomeLife SilverCity

- 1 yr Home Warranty
- 40% Discount on Brand Name
- Appliances & Furniture
- Free Evaluation & Lowest Commission

www.hirarandhawa.com
hirarandhawa@yahoo.ca

"OPEN HOUSE UNTIL SOLD"

For all your Real Estate needs: 416.319.0551 or 905.913.8585



$634,900 — Sandalwood & Conestoga
Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.

$729,900 — Dixie/Octillo
Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!

$739,913 — Charleston Side Rd/Main St.
Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.

$775,000 — Charolais/Chinguacousy Rd
Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.

Call For:
RESP, SUPER -VISA,& TRAVEL
Insurance



H.Randhawa
416-319-0551

FIRST CHOICE FINANCIAL LIMITED
TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

MICHELIN Hankook Continental ROADLUX BFGoodrich AEOLUS COMPASAL



Chevron Delo

Special OIL CHANGE Rates

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ

SPECIAL ON TRUCK ALIGNMENT | BRAND NEW MACHINES 2018

Brake & Drum -Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ
Spring Sale

1715 Sismet Rd, Mississauga | Call Ranjit: 416.624.8351 | Tel: 905.625.0055

# ਫਰੀਦਕੋਟ ਹਲਕੇ ਵਿਚ ਸੜਕਾਂ ਤੇ ਨਵੇਂ ਪੁਲਾਂ ਦੀ ਉਸਾਰੀ ਤੇ 2 ਕਰੋੜ 54 ਲੱਖ ਖਰਚੇ ਜਾਣਗੇ : ਕੁਸ਼ਲਦੀਪ ਢਿੱਲੋਂ



ਫਰੀਦਕੋਟ 24 ਜੂਨ (ਗਿਆਨ ਸਿੰਘ ) ਵਿਧਾਨ ਸਭਾ ਹਲਕਾ ਫਰੀਦਕੋਟ ਅਧੀਨ ਆਉਂਦੀਆਂ ਮਾਰਕੀਟ ਕਮੇਟੀਆਂ ਫਰੀਦਕੋਟ ਅਤੇ ਸਾਦਿਕ ਦੀਆਂ ਲਿੰਕ ਸੜਕਾਂ ਵਿਚ ਪੈਂਦੀਆਂ ਨਹਿਰਾਂ/ਰਜਵਾਹਿਆਂ ਆਦਿ ਤੇ ਲੋਕਾਂ ਦੀ ਸਹੂਲਤ ਲਈ ਨਵੇਂ ਪੁਲਾਂ ਦੀ ਉਸਾਰੀ,ਪੁਰਾਣਿਆਂ ਦੀ ਮੁਰੰਮਤ ਅਤੇ ਇਨ੍ਹਾਂ ਨੂੰ ਚੌੜਾ ਕਰਨ ਤੇ 2 ਕਰੋੜ 54 ਲੱਖ ਰੁਪਏ ਦੀ ਰਾਸ਼ੀ ਖਰਚ ਕੀਤੀ ਜਾਵੇਗੀ । ਇਹ ਜਾਣਕਾਰੀ ਵਿਧਾਇਕ ਸ ਕੁਸ਼ਲਦੀਪ ਸਿੰਘ ਢਿੱਲੋਂ ਨੇ ਦਿੱਤੀ। ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ ਮਾਰਕੀਟ ਕਮੇਟੀ ਫਰੀਦਕੋਟ ਅਧੀਨ ਲਿੰਕ ਰੋਡ ਮਚਾਕੀ ਕਲਾਂ ਤੋਂ ਚੇਤ ਸਿੰਘ ਵਾਲਾ ਲਿੰਕ ਸੜਕ ਤੇ ਪੁਲ ਨੂੰ ਚੌੜਾ ਕਰਨ ਅਤੇ ਮੁਰੰਮਤ ਕਰਨ ਤੇ 18. 25 ਲੱਖ ਰੁਪਏ ਖਰਚ ਕੀਤੇ ਜਾਣਗੇ। ਮਚਾਕੀ ਖੁਰਦ ਤੋਂ ਝੋਟੀਵਾਲਾ ਲਿੰਕ ਸੜਕ ਤੇ ਪੁਲ ਦੀ ਮੁਰੰਮਤ ਅਤੇ ਚੌੜਾ ਕਰਨ ਤੇ 24.79 ਲੱਖ ਖਰਚ ਕੀਤੇ ਜਾਣਗੇ। ਢੁੱਡੀ/ਚਮੇਲੀ/ ਨੱਥੇ ਵਾਲਾ ਅਤੇ ਸਿੱਖਾਂ ਵਾਲਾ ਲਿੰਕ ਸੜਕ ਤੇ ਪੁਲ ਦੀ ਉਸਾਰੀ ਤੇ 57. 95 ਲੱਖ ਰੁਪਏ ਖਰਚ ਹੋਣਗੇ। ਇਸੇ ਤਰ੍ਹਾਂ ਅਰਾਈਆ ਵਾਲਾ ਤੋਂ ਬੇਗੂ ਵਾਲਾ ਲਿੰਕ ਸੜਕ ਤੇ ਪੁਲ ਦੀ ਉਸਾਰੀ ਤੇ 17. 34 ਲੱਖ ਰੁਪਏ ਖਰਚ ਕੀਤੇ ਜਾਣਗੇ।

ਉਨ੍ਹਾਂ ਅੱਗੇ ਦੱਸਿਆ ਕਿ ਬਸਤੀ ਗੋਬਿੰਦਸਰ ਤੋਂ ਅਰਾਈਆ ਵਾਲਾ ਲਿੰਕ ਸੜਕ ਤੇ ਪੁਲ ਨੂੰ ਚੌੜਾ ਕਰਨ ਅਤੇ ਮੁਰੰਮਤ ਕਰਨ ਤੇ 31.77 ਲੱਖ ਰੁਪਏ ਖਰਚ ਕੀਤੇ ਜਾਣਗੇ। ਗੋਲੇਵਾਲਾ ਤੋਂ ਹਰਦਿਆਲੇਆਣਾ ਸੜਕ ਤੇ ਪੁਲ ਨੂੰ ਚੌੜਾ ਕਰਨ ਅਤੇ ਮੁਰੰਮਤ ਕਰਨ ਤੇ 24. 01 ਲੱਖ ਰੁਪਏ ਖਰਚ ਹੋਣਗੇ। ਉਨ੍ਹਾਂ ਹੋਰ ਦੱਸਿਆ ਕਿ ਮਾਰਕੀਟ ਕਮੇਟੀ ਸਾਦਿਕ ਅਧੀਨ ਆਉਂਦੇ ਲਿੰਕ ਰੋਡ ਜੰਡ ਵਾਲਾ ਸਾਹਿਬ ਤੋਂ ਅਹਿਲ ਤੇ ਪੁਲ ਨੂੰ ਚੌੜਾ ਕਰਨ ਅਤੇ ਮੁਰੰਮਤ ਕਰਨ ਤੇ 27. 03 ਲੱਖ ਰੁਪਏ ਖਰਚ ਕੀਤੇ ਜਾਣਗੇ। ਇਸੇ ਤਰ੍ਹਾਂ ਸਾਦਿਕ, ਗੁਰਹਰਸਹਾਏ ਰੋਡ ਤੇ ਨਵੇਂ ਪੁਲ ਦੀ ਉਸਾਰੀ ਤੇ 36. 28 ਲੱਖ ਰੁਪਏ ਖਰਚ ਕੀਤੇ ਜਾਣਗੇ। ਫਰੀਦਕੋਟ, ਸਾਦਿਕ ਰੋਡ ਤੇ ਜੰਡ ਵਾਲਾ ਤੋਂ ਢਿਲਵਾ ਖੁਰਦ ਲਿੰਕ ਰੋਡ ਤੇ ਪੁਲ ਨੂੰ ਚੌੜਾ ਕਰਨ ਅਤੇ ਮੁਰੰਮਤ ਤੇ 17. 72 ਲੱਖ ਰੁਪਏ ਖਰਚ ਕੀਤੇ ਜਾਣਗੇ। ਇਸੇ ਤਰ੍ਹਾਂ ਘੁੱਦੂਵਾਲਾ ਤੋਂ ਮਰਾੜ, ਜੰਡ ਸਾਹਿਬ ਤੋਂ ਵੀਰੇ ਵਾਲਾ ਲਿੰਕ ਸੜਕ ਤੇ ਨਵੇਂ ਪੁਲ ਦੀ ਉਸਾਰੀ ਤੇ 30 .24 ਲੱਖ ਰੁਪਏ ਖਰਚ ਕੀਤੇ ਜਾਣਗੇ।

ਵਿਧਾਇਕ ਸ ਕੁਸ਼ਲਦੀਪ ਸਿੰਘ ਢਿੱਲੋਂ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਰਾਜ ਦੇ ਵਸਨੀਕਾਂ ਦੀ ਸੁੱਖ ਸਹੂਲਤ ਤੋਂ ਇਲਾਵਾ ਉਨ੍ਹਾਂ ਨੂੰ ਬੇਹਤਰ ਆਵਾਜਾਈ ਦੀਆਂ ਸਹੂਲਤਾਂ ਪ੍ਰਦਾਨ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਫਰੀਦਕੋਟ ਅਧੀਨ ਆਉਂਦੀਆਂ ਮਾਰਕੀਟ ਕਮੇਟੀਆਂ ਫਰੀਦਕੋਟ ਅਤੇ ਸਾਦਿਕ ਅਧੀਨ ਨਵੇਂ ਪੁਲਾਂ ਦੀ ਉਸਾਰੀ, ਪੁਰਾਣਿਆਂ ਨੂੰ ਚੌੜਾ ਕਰਨ ਅਤੇ ਮੁਰੰਮਤ ਕਰਨ ਦੇ ਕੰਮ ਝੋਨੇ ਦੀ ਕਟਾਈ ਤੋਂ ਪਹਿਲਾਂ-ਪਹਿਲਾਂ ਮੁਕੰਮਲ ਕਰ ਲਏ ਜਾਣਗੇ, ਤਾਂ ਜ਼ੋ ਕਿਸਾਨਾਂ ਨੂੰ ਮੰਡੀਆਂ ਵਿਚ ਆਪਣੇ ਜਿਣਸ ਲਿਜਾਣ ਅਤੇ ਆਮ ਲੋਕਾਂ ਨੂੰ ਆਵਾਜਾਈ ਲਈ ਹੋਰ ਬੇਹਤਰ ਸੜਕੀ ਸਹੂਲਤਾਂ ਮਿਲ ਸਕਣ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਇਕੋ ਇਕ ਮਕਸਦ ਫਰੀਦਕੋਟ ਹਲਕੇ ਦਾ ਸਰਵਪੱਖੀ ਵਿਕਾਸ ਕਰਨਾ ਹੈ ਅਤੇ ਰਹਿੰਦੇ ਪੁਲਾਂ ਨੂੰ ਚੌੜਾ ਕਰਨ ਅਤੇ ਲਿੰਕ ਸੜਕ ਦਾ ਕੰਮ ਵੀ ਜਲਦ ਹੀ ਕੀਤਾ ਜਾਵੇਗਾ।

# ਭਾਜਪਾ ਆਗੂ ਨੇ ਔਰਤ ਨੂੰ ਸ਼ਰੇਆਮ ਥੱਪੜ ਮਾਰੇ, ਮਾਮਲਾ ਥਾਣੇ ਪੁੱਜਾ

ਅੰਮ੍ਰਿਤਸਰ, 24 ਜੂਨ (ਪੋਸਟ ਬਿਊਰੋ)- ਭਾਜਪਾ ਦੇ ਇੱਕ ਆਗੂ ਵਲੋਂ ਸ਼ਰੇਆਮ ਇਕ ਔਰਤ ਦੇ ਥੱਪੜ ਮਾਰਨ ਦਾ ਕੇਸ ਥਾਣੇ ਪੁੱਜ ਗਿਆ ਹੈ। ਅੰਮ੍ਰਿਤਸਰ ਦੀ ਰਹਿਣ ਵਾਲੀ ਸਨੇਹ ਲਤਾ ਨੇ ਇਕ ਭਾਜਪਾ ਆਗੂ ਉੱਤੇ ਉਸ ਨਾਲ ਹੱਥੋਪਾਈ ਹੋਣ ਦਾ ਦੋਸ਼ ਲਾਇਆ ਤੇ ਕਿਹਾ ਕਿ ਭਾਜਪਾ ਆਗੂ ਜੁਗਲ ਮਹਾਜਨ ਨੇ ਨਾ ਸਿਰਫ ਉਸਨੂੰ ਥੱਪੜ ਮਾਰੇ, ਗਾਲ੍ਹਾਂ ਵੀ ਕੱਢੀਆਂ ਤੇ ਉਸ ਦੇ ਪਤੀ ਨੂੰ ਬੰਦੀ ਬਣਾ ਕੇ ਕੁੱਟਮਾਰ ਕੀਤੀ ਹੈ। ਥਾਣੇ ਪਹੁੰਚੀ ਪੀੜਤ ਔਰਤ ਦੇ ਮੁਤਾਬਕ ਉਸਦੀ ਭੈਣ ਦੀ ਨੂੰਹ ਘਰੇਲੂ ਝਗੜੇ ਬਾਰੇ ਜੁਗਲ ਮਹਾਜਨ ਦੀ ਦੁਕਾਨ ਉੱਤੇ ਗਈ ਸੀ। ਭੈਣ ਦੇ ਕਹਿਣ ਉੱਤੇ ਜਦੋਂ ਉਹ ਉਸ ਨੂੰ ਸਮਝਾਉਣ ਲਈ ਨੂੰਹ ਦੇ ਮਗਰ ਗਈ ਤਾਂ ਜੁਗਲ ਮਹਾਜਨ ਨੇ ਉਸ ਨਾਲ ਬਦਤਮੀਜ਼ੀ ਕਰਦਿਆਂ ਥੱਪੜ ਮਾਰੇ। ਘਟਨਾ ਦਾ ਪਤਾ ਲੱਗਦੇ ਸਾਰ ਸਮਾਜ ਸੇਵਕਾ ਸਪਨਾ ਭਾਟੀਆ ਮੌਕੇ ਉੱਤੇ ਪਹੁੰਚ ਗਈ ਅਤੇ ਦੋਸ਼ੀ ਭਾਜਪਾ ਆਗੂ ਦੇ ਖਿਲਾਫ ਕਾਰਵਾਈ ਦੀ ਮੰਗ ਕੀਤੀ। ਦੂਜੇ ਪਾਸੇ ਪੁਲਸ ਨੇ ਸੀ ਸੀ ਟੀ ਵੀ ਫੁਟੇਜ ਵੇਖਣ ਤੇ ਸਾਰੀ ਜਾਂਚ ਤੋਂ ਬਾਅਦ ਬਣਦੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ।

# ਸਰਪੰਚ ਦੇ ਪਤੀ ਨੂੰ ਮਾਰਨ ਦੀ ਸਾਜ਼ਿਸ਼ ਰਚ ਰਹੇ ਤਿੰਨ ਜਣੇ ਗ੍ਰਿਫਤਾਰ ਕੀਤੇ, ਦੋ ਫਰਾਰ



ਜਲੰਧਰ, 24 ਜੂਨ (ਪੋਸਟ ਬਿਊਰੋ)- ਥਾਣਾ ਲਾਂਬੜਾ ਦੀ ਪੁਲਸ ਨੇ ਮੌਜੂਦਾ ਸਰਪੰਚ ਦੇ ਪਤੀ ਨੂੰ ਮਾਰਨ ਦੀ ਸਾਜ਼ਿਸ਼ ਕਰ ਰਹੇ ਤਿੰਨ ਜਣਿਆਂ ਨੂੰ ਮਾਰੂ ਹਥਿਆਰਾਂ ਸਮੇਤ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਦੇ ਦੋ ਸਾਥੀ ਫਰਾਰ ਹਨ। ਗ੍ਰਿਫਤਾਰ ਕੀਤੇ ਗਏ ਦੋਸ਼ੀਆਂ ਦੀ ਪਛਾਣ ਹਰਵਿੰਦਰ ਸਿੰਘ ਉਰਫ ਬਿੰਦੂ (36) ਪੁੱਤਰ ਸੋਹਣ ਸਿੰਘ, ਅਮਰੀਕ ਸਿੰਘ ਉਰਫ ਸ਼ਾਹ (40) ਪੁੱਤਰ ਕੇਵਲ ਸਿੰਘ ਦੋਵੇਂ ਪਿੰਡ ਅਲੀ ਚੱਕ ਅਤੇ ਦਲਵੀਰ ਸਿੰਘ (37) ਪੁੱਤਰ ਗੁਲਵੀਰ ਸਿੰਘ ਵਾਸੀ ਚੰਨਣ-ਪੁਰ ਵਜੋਂ ਹੋਈ ਤੇ ਇਨ੍ਹਾਂ ਦੇ ਫਰਾਰ ਸਾਥੀਆਂ ਦੀ ਪਛਾਣ ਲਖਵੀਰ ਸਿੰਘ ਉਰਫ ਲੱਖੂ ਪੁੱਤਰ ਅਵਤਾਰ ਸਿੰਘ ਪਿੰਡ ਗੋਬਿੰਦਪੁਰ ਥਾਣਾ ਲਾਂਬੜਾ ਅਤੇ ਹਰਵਿੰਦਰ ਸਿੰਘ ਉਰਫ ਰਾਹੁਲ ਪੁੱਤਰ ਮਹਿੰਦਰ ਸਿੰਘ ਪਿੰਡ ਨਿੱਝਰਾਂ ਵਜੋਂ ਹੋਈ ਹੈ। ਦੋਸ਼ੀਆਂ ਪਾਸੋਂ ਇੱਕ ਵਿਦੇਸ਼ੀ ਮਾਊਜ਼ਰ ਸਮੇਤ ਚਾਰ ਜਿੰਦਾ ਰੌਂਦ, ਇੱਕ ਦੇਸੀ ਰਿਵਾਲਵਰ ਸਮੇਤ ਚਾਰ ਜਿੰਦਾ ਰੌਂਦ ਅਤੇ ਇੱਕ ਚਾਕੂ ਵੀ ਬਰਾਮਦ ਕੀਤਾ ਗਿਆ ਹੈ, ਜਿਸ ਦੀ ਅਗਲੀ ਜਾਂਚ ਚੱਲ ਰਹੀ ਹੈ।

ਐਸ ਪੀ ਇਨਵੈਸਟੀਗੇਸ਼ਨ ਰਾਜਵੀਰ ਸਿੰਘ ਬੋਪਰਾਏ ਦੇ ਮੁਤਾਬਕ ਥਾਣਾ ਲਾਂਬੜਾ ਦੇ ਇੰਸਪੈਕਟਰ ਪੁਸ਼ਪ ਬਾਲੀ ਨੂੰ ਸੂਚਨਾ ਮਿਲੀ ਸੀ ਕਿ ਹਰਵਿੰਦਰ ਸਿੰਘ ਉਰਫ ਬਿੰਦੂ, ਅਮਰੀਕ ਸਿੰਘ ਉਰਫ ਸ਼ਾਹ, ਦਲਵੀਰ ਸਿੰਘ ਉਰਫ ਦੇਵਾ, ਲਖਵੀਰ ਸਿੰਘ ਉਰਫ ਲੱਖੂ, ਹਰਵਿੰਦਰ ਸਿੰਘ ਉਰਫ ਰਾਹੁਲ ਮਿਲ ਕੇ ਪਿੰਡ ਅਲੀ ਚੱਕ ਦੀ ਸਰਪੰਚ ਦੇ ਪਤੀ ਮੋਤਾ ਸਿੰਘ ਪੁੱਤਰ ਬੱਗਾ ਸਿੰਘ ਨੂੰ ਮਾਰਨ ਦੀ ਸਾਜ਼ਿਸ਼ ਬਣਾ ਰਹੇ ਹਨ। ਸੂਚਨਾ ਮਿਲਦੇ ਸਾਰ ਥਾਣਾ ਮੁਖੀ ਪੁਸ਼ਪ ਬਾਲੀ ਨੇ ਹਰਵਿੰਦਰ ਸਿੰਘ ਉਰਫ ਬਿੰਦੂ ਦੇ ਘਰ ਛਾਪਾ ਮਾਰ ਕੇ ਤਿੰਨ ਦੋਸ਼ੀਆਂ ਨੂੰ ਹਥਿਆਰਾਂ ਸਮੇਤ ਕਾਬੂ ਕਰ ਲਿਆ ਤੇ ਦੋ ਸਾਥੀ ਫਰਾਰ ਹੋ ਗਏ। ਦੋਸ਼ੀਆਂ ਉਤੇ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਐੱਸ ਪੀ ਰਾਜਵੀਰ ਸਿੰਘ ਬੋਪਾਰਾਏ ਨੇ ਦੱਸਿਆ ਕਿ ਦੋਸ਼ੀ ਹਰਵਿੰਦਰ ਸਿੰਘ ਦੇ ਖਿਲਾਫ ਪਹਿਲਾਂ ਵੀ ਪਿੰਡ ਵਾਸੀਆਂ ਨੇ ਲੜਾਈ ਝਗੜਾ ਕਰਨ ਦੀ ਸ਼ਿਕਾਇਤ ਕੀਤੀ ਤੇ ਦੱਸਿਆ ਸੀ ਕਿ ਪੰਚਾਇਤੀ ਚੋਣਾਂ ਵਿੱਚ ਗੈਂਗਵਾਰ ਕਰ ਕੇ ਚੋਣਾਂ ਵਿੱਚ ਗੜਬੜ ਕਰ ਸਕਦਾ ਹੈ, ਜਿਸ 'ਤੇ ਇਸ ਉਪਰ ਕਾਰਵਾਈ ਕਰਦੇ ਹੋਏ ਇਸ ਨੂੰ ਪਾਬੰਦ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਪੁੱਛਗਿੱਛ ਅਤੇ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਗ੍ਰਿਫਤਾਰ ਕੀਤੇ ਸਾਰੇ ਦੋਸ਼ੀਆਂ 'ਤੇ ਪਹਿਲਾਂ ਵੀ ਕਈ ਕੇਸ ਹਨ। ਹਰਵਿੰਦਰ ਸਿੰਘ ਉਰਫ ਬਿੰਦੂ ਉਤੇ ਅੱਠ ਕੇਸ ਪਹਿਲਾਂ ਦਰਜ ਹਨ। ਅਮਰੀਕ ਸਿੰਘ 'ਤੇ ਪਹਿਲਾਂ ਅਸਲਾ ਅਤੇ ਡਕੈਤੀ ਦੇ ਅੱਠ ਕੇਸ ਦਰਜ ਹਨ।

## ਅਚਾਨਕ ਨਿਕਲਿਆ ਮੋਟਰ ਸਾਈਕਲ ਵੱਜਣ ਨਾਲ ਦੋ ਮੌਤਾਂ

ਗੜ੍ਹਦੀਵਾਲਾ, 24 ਜੂਨ (ਪੋਸਟ ਬਿਊਰੋ)- ਕਮਾਹੀ ਦੇਵੀ-ਦਸੂਹਾ ਰੋਡ 'ਤੇ ਸੜਕ ਕੰਢੇ ਇੱਕ ਧਾਰਮਿਕ ਸਥਾਨ 'ਤੇ ਲਾਈ ਛਬੀਲ ਤੋਂ ਮੋਟਰ ਸਾਈਕਲ 'ਤੇ ਵਾਪਸ ਆ ਰਹੇ ਦੋ ਨੌਜਵਾਨਾਂ ਨਾਲ ਕੰਢੀ ਦੇ ਪਿੰਡ ਸੰਸ-ਾਰਪੁਰ ਕੋਲ ਸੜਕ ਹਾਦਸੇ ਵਿੱਚ ਦੋਵਾਂ ਜਣਿਆਂ ਦੀ ਮੌਤ ਹੋ ਗਈ ਅਤੇ ਇੱਕ ਗੰਭੀਰ ਜ਼ਖਮੀ ਹੋ ਗਿਆ, ਜਿਸ ਨੂੰ ਸਿਵਲ ਹਸਪਤਾਲ ਦਸੂਹਾ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਦੀ ਹਾਲਤ ਗੰਭੀਰ ਦੇਖਦਿਆਂ ਜਲੰਧਰ ਰੈਫਰ ਕਰ ਦਿੱਤਾ ਹੈ।

ਪਤਾ ਲੱਗਾ ਹੈ ਕਿ ਅਸ਼ੋਕ ਕੁਮਾਰ (21) ਪੁੱਤਰ ਬਲਦੇਵ ਸਿੰਘ ਤੇ ਮਨਜੀਤ ਸਿੰਘ (19) ਪੁੱਤਰ ਯੋਗਰਾਜ ਸਿੰਘ ਜਦੋਂ ਉਸ ਰੋਡ 'ਤੇ ਸੰਸਾਰਪੁਰ ਨੇੜੇ ਪੈਂਦੇ ਧਾਰਮਿਕ ਸਥਾਨ ਪੰਜਪੀਰ 'ਤੇ ਲੱਗੀ ਛਬੀਲ ਤੋਂ ਵਾਪਸ ਆ ਰਹੇ ਸਨ ਅਤੇ ਸੰਸ-ਾਰਪੁਰ ਦੀ ਵਾਟਰ ਸਪਲਾਈ ਸਕੀਮ ਕੋਲ ਪੁੱਜੇ ਤਾਂ ਮੋਟਰ ਸਾਈਕਲ ਅੱਗੇ ਅਚਾਨਕ ਆਪਣੇ ਘਰੋਂ ਨਿਕਲੇ ਵਿਅਕਤੀ ਦੇ ਆ ਜਾਣ ਨਾਲ ਤਿੰਨੇ ਜਣੇ ਸੜਕ ਉੱਤੇ ਡਿੱਗ ਗਏ। ਜਿਸ ਨਾਲ ਦੋ ਦੀ ਮੌਤ ਹੋ ਗਈ।

# ਔਰਤ ਨੂੰ ਘਰੋਂ ਚੁੱਕ ਕੇ ਕੁੱਟ-ਮਾਰ ਕਰਕੇ ਅੱਡੇ ਉੱਤੇ ਸੁੱਟਿਆ



ਤਰਨ ਤਾਰਨ, 24 ਜੂਨ (ਪੋਸਟ ਬਿਊਰੋ)- ਖਡੂਰ ਸਾਹਿਬ ਹਲਕੇ ਦੇ ਪਿੰਡ ਭੁੱਲਰ 'ਚ ਇੱਕ ਔਰਤ ਨੂੰ ਘਰੋਂ ਚੁੱਕ ਕੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕਰਨ ਅਤੇ ਜ਼ਖਮੀ ਹਾਲਤ ਵਿੱਚ ਪਿੰਡ ਦੇ ਅੱਡੇ 'ਤੇ ਸੁੱਟਣ ਦੀ ਘਟਨਾ ਵਾਪਰੀ ਹੈ।

ਪਤਾ ਲੱਗਾ ਹੈ ਕਿ ਹਮਲਾਵਰਾਂ ਨੇ ਔਰਤ ਦੇ ਨੌਂ ਸਾਲਾ ਲੜਕੇ ਨੂੰ ਅਗਵਾ ਕਰਨ ਦੀ ਵੀ ਕੋਸ਼ਿਸ਼ ਕੀਤੀ ਸੀ। ਚਿੱਟੇ ਦਿਨ ਹੋਈ ਗੁੰਡਾਗਰਦੀ ਦੀ ਪਿੰਡ ਦੇ ਕੁਝ ਲੋਕਾਂ ਨੇ ਵੀਡੀਓ ਬਣਾ ਲਈ ਤਾਂ ਥਾਣਾ ਸਦਰ ਦੀ ਪੁਲਸ ਨੇ ਕੇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜ਼ਖਮੀ ਔਰਤ ਸਿਵਲ ਹਸਪਤਾਲ ਤਰਨ ਤਾਰਨ ਵਿਖੇ ਜ਼ੇਰੇ ਇਲਾਜ ਹੈ। ਸਵਿੰਦਰ ਸਿੰਘ ਨੇ ਦੱਸਿਆ ਕਿ ਬਿਜਲੀ ਦੇ 100 ਕੇ ਵੀ ਟਰਾਂਸਫਾਰਮਰ ਉੱਤੇ ਅੱਠ ਟਿਊਬਵੈੱਲ ਚੱਲਦੇ ਹਨ। ਪਿੰਡ ਦੀਆਂ ਦੋ ਧਿਰਾਂ ਵਿੱਚ ਜ਼ਮੀਨੀ ਝਗੜਾ ਚੱਲਦਾ ਹੈ। ਇੱਕ ਮਹੀਨਾ ਪਹਿਲਾਂ ਇੱਕ ਧਿਰ ਨੇ ਟਰਾਂਸਫਾਰਮਰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਤਾਂ ਦੂਸਰੀ ਧਿਰ ਨੇ ਰੋਕਿਆ, ਪਰ ਅੱਗੇ ਉਨ੍ਹਾਂ ਸੰਗਲ ਬਿਜਲੀ ਦੀਆਂ ਤਾਰਾਂ ਉੱਤੇ ਸੁੱਟ ਦਿੱਤਾ, ਜਿਸ ਕਾਰਨ ਟਰਾਂਸਫਾਰਮਰ ਸੜ ਗਿਆ। ਇਸ ਦੀ ਸ਼ਿਕਾਇਤ ਮਿਲਣ 'ਤੇ ਟਰਾਂਸਫਾਰਮਰ ਸਾੜਨ ਵਾਲੀ ਧਿਰ ਨੂੰ ਇੱਕ ਲੱਖ ਰੁਪਏ ਤੋਂ ਵੱਧ ਜੁਰਮਾਨਾ ਪਾਵਰਕਾਮ ਨੇ ਕੀਤਾ ਸੀ। ਕੱਲ੍ਹ ਸਵੇਰੇ ਸਵਿੰਦਰ ਸਿੰਘ ਦੀ ਪਤਨੀ ਕੰਵਲਜੀਤ ਕੌਰ, ਲੜਕੇ ਅਕਾਸ਼ਦੀਪ ਸਿੰਘ (13) ਤੇ ਸਿਮ-ਰਜੋਤ ਸਿੰਘ (9) ਘਰ 'ਚ ਮੌਜੂਦ ਸੀ ਕਿ ਕੁਝ ਲੋਕਾਂ ਨੇ ਉਨ੍ਹਾਂ 'ਤੇ ਹਮਲਾ ਕਰ ਕੇ ਕੰਵਲਜੀਤ ਕੌਰ ਨੂੰ ਗੱਡੀ ਵਿੱਚ ਬਿਠਾ ਲਿਆ ਅਤੇ ਸਿਮਰਜੋਤ ਸਿੰਘ ਨੂੰ ਵੀ ਅਗਵਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਮੌਕੇ 'ਤੇ ਮੌਜੂਦ ਲੋਕਾਂ ਨੇ ਲੜਕੇ ਨੂੰ ਛੁਡਾ ਲਿਆ। ਥਾਣਾ ਸਦਰ ਦੇ ਮੁਖੀ ਇੰਸਪੈਕਟਰ ਗੁਰਚਰਨ ਸਿੰਘ ਅਨੁਸਾਰ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ।

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖ਼ਾਹ

Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11'', ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2'', MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5'', ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

ਸਿੱਖ ਸੈਣੀ ਸਿਟੀਜਨ, ਉਮਰ 27 ਸਾਲ , ਕੱਦ 5 ਫੁੱਟ 6 ਇੰਚ, , ਵਧੀਆ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਸਿਟੀਜਨ \ ਪੀ ਆਰ ਲੜਕੀ ਦੀ ਲੋੜ ਹੈ. ਕੈਨੇਡੀਅਨਸਿਟੀਜਨ ਨੂੰ ਪਹਿਲ. ਸੰਪਰਕ ਕਰੋ : 416-662-0730 ਜਾਂ ਫੇਰ ਈ-ਮੇਲ ਕਰੋ - sainig5@yahoo.ca

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11'', ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11'', ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10'', Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

**Match needed for well settled 5'4'', 46 yrs old. Doing Govt Job in India. Holding visitir visa of Canada. She has 14 yrs old son. Contact +91-7986385880**

ਸਿੱਧੂ ਗੁਰਸਿਖ, ਉਮਰ 33 ਸਾਲ, B.Sc Science,ਇੰਡੀਆ, ਲੁਧਿਆਣਾ ਵਿੱਚ ਅਧਿਆਪਕ ਦੀ ਜੋਬ ਕਰ ਰਹੀ ਲੜਕੀ ਲਈ ਲੜਕੇ ਦੀ ਲੋੜ ਹੈ। Divorcee ਤੇ ਵੀ ਗੋਰ ਕੀਤੀ ਜਾ ਸਕਦੀ ਹੈ; ਸੰਪਰਕ ਕਰੋ: 416-358-9294 । 204-583-3970 । 9815410050 1

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5'', ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4'', +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce

Email Resume at umar.w@cellntell.com

## ਲੜਕੇ ਦੀ ਲੋੜ

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6'', Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

24 ਜੂਨ ਜਨਮ ਦਿਵਸ ’ਤੇ ਵਿਸ਼ੇਸ਼

# ਪੰਥ ਰਤਨ ਮਾਸਟਰ ਤਾਰਾ ਸਿੰਘ ਨੂੰ ਯਾਦ ਕਰਦਿਆਂ.....

ਕੋਈ ਵੀ ਦੇਸ਼ ਜੋ ਆਪਣੇ ਕੌਮੀ ਸ਼ਹੀਦਾਂ ਤੇ ਦੇਸ਼-ਭਗਤਾਂ ਪ੍ਰਤੀ ਭੁੱਲੜ ਹੈ, ਉਹ ਬਹੁਤੀ ਦੇਰ ਜ਼ਿੰਦਾ ਨਹੀਂ ਰਹਿ ਸਕਦੀ। 20 ਵੀਂ ਸਦੀ ਦੇ ਦੌਰਾਨਫ਼ਖਰ-ਏ-ਕੌਮ ਮਾਸਟਰ ਤਾਰਾ ਸਿੰਘ ਪੰਜਾਬੀਆਂ ਦੇ ਆਮ ਕਰਕੇ ਅਤੇ ਸਿੱਖਾਂ ਦੇ ਵਿਸ਼ੇਸ਼ ਕਰਕੇ ਪ੍ਰਮੁੱਖ ਸਿਆਸੀ ਅਤੇ ਧਾਰਮਿਕ ਨੇਤਾ ਹੋਏ ਹਨ।ਉਨ੍ਹਾਂ ਦਾ ਪਹਿਲਾ ਨਾਮ ਨਾਨਕ ਚੰਦ, ਦਾ ਜਨਮ 24 ਜੂਨ 1885 ਈ: ਨੂੰ ਹਾੜੀ-ਇਕਾਦਸ਼ੀ ਵਾਲੇ ਦਿਨ ਜਿਲ੍ਹਾ ਰਾਵਲਪਿੰਡੀ (ਅਜੋਕੇ ਪਾਕਿਸਤਾਨ ’ਚ) ਪਿੰਡ ਗਰਾਂ ਹਰਿਆਲ ਵਿਖੇ ਪਿਤਾ ਬਖ਼ਸ਼ੀ ਗੋਪੀ ਚੰਦ ਅਤੇ ਮਾਤਾ ਮੂਲਾਂ ਦੇਵੀ ਦੇ ਘਰ ਹੋਇਆ। ਮੁੱਢਲੀ ਪੜ੍ਹਾਈ ਆਪਣੇ ਪਿੰਡ ਦੇ ਸਕੂਲ ਵਿੱਚੋਂ ਪਾਸ ਕਰਕੇ ਮਿਸ਼ਨ ਸਕੂਲ ਰਾਵਲਪਿੰਡ ਵਿੱਚ ਦਾਖਲਾ ਲਿਆ। ਮਗਰੋਂ ਦਸਵੀਂ ਪਾਸ ਕਰ ਲੈਣ ਉਪਰੰਤ ਤਾਰਾ ਸਿੰਘ ਨੇ ਅਗਲੀ ਪੜ੍ਹਾਈ ਜਾਰੀ ਰੱਖਣ ਲਈ ਪ੍ਰਿੰਸੀਪਲ ਜੋਧ ਸਿੰਘ ਦੀ ਸਹਾਇਤਾ ਨਾਲ 2 ਜਨਵਰੀ 1904 ਈ: ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਦਾਖਲਾ ਲਿਆ। ਸੰਨ 1907 ਈ: ਵਿੱਚ ਖ਼ਾਲਸਾ ਕਾਲਜ ਤੋਂ ਬੀ.ਏ. ਪਾਸ ਕਰਕੇ ਐਸ.ਏ.ਵੀ. ਦੀ ਵਿੱਦਿਆ ਲਈ ਸੈਂਟ੍ਰਲ ਟ੍ਰੇਨਿੰਗ ਕਾਲਜ ਵਿੱਚ ਦਾਖਲਾ ਲਿਆ ਤੇ 1908 ਵਿੱਚ ਪ੍ਰੀਖਿਆ ਪਾਸ ਕਰ ਲੈਣ ਪਿੱਛੋਂ ਲਾਇਲਪੁਰ ਸ਼ਹਿਰ ਚਲੇ ਗਏ। ਜਿੱਥੇ ਉਨ੍ਹਾਂ ਸਥਾਨਕ ਸਿੱਖਾਂ ਦੀ ਸਹਾਇਤਾ ਨਾਲ ਖ਼ਾਲਸਾ ਹਾਈ ਸਕੂਲ ਲਾਇਲਪੁਰ ਜਾ ਖੋਲ੍ਹਿਆਅਤੇ 15 ਰੁਪਏ ਮਹੀਨਾ ਤਨਖਾਹ ਤੇ ਹੈਡ ਮਾਸਟਰ ਦੀ ਨਿਯੁਕਤੀ ਪ੍ਰਵਾਨ ਕਰ ਲਈ। ਇਹ ਸਕੂਲ ਚਲਾਉਣ ਕਰਕੇ ਆਪ ਦੇ ਨਾਂ ਨਾਲ ’ਮਾਸਟਰ’ ਸ਼ਬਦ ਸਦਾ ਲਈ ਜੁੜ ਗਿਆ। ਜਿਹੜਾ ਕਿ ਅੱਜ-ਕੱਲ ਜਲੰਧਰ ਸ਼ਹਿਰ ਵਿੱਚ ਲਾਇਲਪੁਰ ਖ਼ਾਲਸਾ ਸਕੂਲ ਦੇ ਨਾਂ ਨਾਲ ਪ੍ਰਸਿੱਧ ਹੈ।ਇੱਥੇ ਪਾਠਕਾਂ ਦੀ ਜਾਣਕਾਰੀ ਲਈ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਮਾਸਟਰ ਤਾਰਾ ਸਿੰਘ ਪਹਿਲੇ ਸਹਜਧਾਰੀ ਸਨ ਜੋ ਆਧੁਨਿਕ ਪੰਜਾਬੀ ਕਵਿਤਾ ਦੇ ਪਿਤਾਮਾ ਭਾਈ ਵੀਰ ਸਿੰਘ ਦੁਆਰਾ ਲਿਖੀ ਰਚਨਾ ‘ਸੁੰਦਰੀ’ (1938) ਪੜ੍ਹਕੇ ਹੀ ‘ਸਿੰਘ’ ਸਜੇ ਸਨ।


ਹਰਦੀਪ ਸਿੰਘ ਝੱਜ

ਮਾਸਟਰ ਤਾਰਾ ਸਿੰਘ ਨੇ 1920 ਈ: ਵਿੱਚ ‘ਗੁਰਦੁ-ਆਰਾ ਸੁਧਾਰ ਲਹਿਰ’ ਸ਼ੁਰੂ ਹੋਣ ਤੇ ਆਪਣੀ ਅਹਿਮ ਭੂਮਿਕਾ ਨਿਭਾਈ।ਉਨ੍ਹਾਂ ਨੂੰ 1920 ਈ: ਵਿੱਚ ਸ਼੍ਰੋਮਣੀ ਕਮੇਟੀ ਦੁਆਰਾ ਗੁਰਮੁਖੀ‘ਅਕਾਲੀ’ ਅਖ਼ਬਾਰ ਦੇ ਐਡੀਟਰ ਬਣਾਇਆ ਗਿਆ।ਮਾਸਟਰ ਜੀ ਨੇ ਨਨਕਾਣਾ ਸਾਹਿਬ ਦੇ ਸਾਕੇ 20 ਫ਼ਰਵਰੀ, 1921 ਸਮੇਂ 36 ਸਾਲ ਦੀ ਉਮਰ ਵਿੱਚ ਹਾਲਾਤ ਨੂੰ ਵਧੇਰੇ ਖ਼ਰਾਬ ਹੋਣ ਤੋਂ ਬਚਾਉਣ ਲਈ ਬਹੁਤ ਯਤਨ ਕੀਤੇ। ਪ੍ਰੰਤੂ ਸਿੱਖ ਜੱਥਾ ਨਨਕਾਣੇ ਸਾਹਿਬ ਪਹੁੰਚਦੇ ਹੀ ਮਹੰਤ ਨਰੈਣ ਦਾਸ ਨੇ ਆਪਣੇ ਨਿਰਦਈ ਹਮਲੇ ਨਾਲ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ। ਉਸ ਦਿਨ ਤੋਂ ਹੀ ਮਾਸਟਰ ਜੀ ਨੇ ਆਪਣਾ ਸਾਰਾ ਜੀਵਨ ਪੰਥ ਦੀ ਸੇਵਾ ਲਈ ਲਾਉਣ ਦਾ ਪ੍ਰਣ ਕਰ ਲਿਆ। 26 ਨਵੰਬਰ, 1921 ਨੂੰ ‘ਚਾਬੀਆਂ ਦੇ ਮੋਰਚੇ’ ਵਿੱਚ ਅਜਨਾਲੇ ਤਕਰੀਰ ਕਰਨ ਦੇ ਦੋਸ਼ ਵਿੱਚ ਅੰਗ੍ਰੇਜ਼ ਸਰਕਾਰ ਨੇ ਦਸੰਬਰ, 1921 ਨੂੰ 6 ਮਹੀਨੇ ਸਖ਼ਤ ਕੈਦ ਤੇ 1,000 ਰੁਪਏ ਜੁਰਮਾਨਾ ਕੀਤਾ। ਨਾਭੇ ਦੇ ਮਹਾਰਾਜਾ ਹੀਰਾ ਸਿੰਘ ਦੇ ਪੁੱਤਰ ਮਾਹਾਰਾਜਾ ਰਿਪੁਦਮਨ ਸਿੰਘ ਕੋਲੋਂ ਅੰਗ੍ਰੇਜ਼ਾਂ ਦੁਆਰਾ ਰਾਜਗੱਦੀ ਖੋਹਣ ਮਗਰੋਂ ਕੋਡਾਈ ਕਨਾਲ ਵਿੱਚ ਨਜ਼ਰਬੰਦ ਕਰਨ ਤੇ ਮਾਸਟਰ ਜੀ ਦੇ ਦਿਲ ਉੱਤੇ ਬੜਾ ਡੂੰਘਾ ਅਸਰ ਹੋਇਆ। 13 ਅਕਤੂਬਰ 1923 ਈ: ਨੂੰ ‘ਜੈਤੋਂ ਦਾ ਮੋਰਚਾ’ ਵਧੇਰੇ ਭਖਣ ਕਰਕੇ ਆਪ ਨੂੰ ਬਾਕੀ ਸਾਥੀਆਂ ਦੇ ਨਾਲ ਧਾਰਾ 121 ਤੇ 124 ਅਧੀਨ ਬਗ਼ਾਬਤ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰਕੇ ਅੰਮ੍ਰਿਤਸਰ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਇਨ੍ਹਾਂ ਨੂੰ 6 ਮਹੀਨੇ ਮਗਰੋਂ ਸ਼ਾਹੀ ਕਿਲ੍ਹਾ ਲਾਹੌਰ ਭੇਜ ਦਿੱਤਾ ਗਿਆ। ਪਹਿਲੀ ਨਵੰਬਰ 1925 ਵਿੱਚ ’ਗੁਰਦੁਆਰਾ ਸਧਾਰ ਬਿੱਲ’ ਪਾਸ ਹੋ ਜਾਣ ਤੇ ਅੰਗ੍ਰੇਜ਼ ਸਰਕਾਰ ਵਲੋਂ ਰਿਹਾਈ ਲਈ ਸ਼ਰਤਾਂ ਲਗਾ ਦਿੱਤੇ ਜਾਣ ਉੱਤੇ ਮਾਸਟਰ ਤਾਰਾ ਸਿੰਘ ਆਪਣੇ 15 ਸਾਥੀਆਂ ਸਮੇਤ ਜਿਵੇਂ:- ਸੋਹਨ ਸਿੰਘ ਜੋਸ਼, ਸ੍ਰ. ਤੇਜਾ ਸਿੰਘ ਸਮੁੰਦਰੀ, ਸੇਵਾ ਸਿੰਘ ਠੀਕਰੀਵਾਲਾ, ਗੋਪਾਲ ਸਿੰਘ ਕੌਮੀ, ਸੁਰਮੁੱਖ ਸਿੰਘ ਝਬਾਲ, ਤੇਜਾ ਸਿੰਘ ਅਕਰਪੁਰੀ ਆਦਿ ਨਾਲ ਸ਼ਰਤਾਂ ਨਾ ਮੰਨਣ ਦੇ ਵਿਰੋਧ ਵਿੱਚ ਖੜ੍ਹੇ ਰਹੇ। 1927 ਈ: ਵਿੱਚ ਮੋਤੀ ਲਾਲ ਨਹਿਰੂ ਰਿਪੋਰਟ ਆਉਣ ਵਿੱਚ ਸਿੱਖ ਘੱਟ ਗਿਣਤੀ ਸਬੰਧੀ ਕੋਈ ਜ਼ਿਕਰ ਤੱਕ ਨਾਂ ਆਉਣ ’ਤੇ ਤਾਰਾ ਸਿੰਘ ਨੇ ਕਾਂਗਰਸ ਪਾਰਟੀ ਦੀ ਉੱਕਾ ਪ੍ਰਵਾਹ ਨਾਂ ਕਰਦਿਆਂ ਰਿਪੋਰਟ ਦਾ ਜ਼ੋਰਦਾਰ ਵਿਰੋਧ ਕੀਤਾ। 1928 ਨੂੰ ਕਲਕੱਤੇ ਵਿੱਚ ਸਾਰੀਆਂ ਪਾਰਟੀਆਂ ਦੀ ਸਾਂਝੀ ਕਾਨਫ੍ਰੰਸ ਵਿੱਚ ਮਾਸਟਰ ਜੀ ਨੇ ਸ੍ਰ. ਮੰਗਲ ਸਿੰਘ ਜੀ ਸਹਾਇਤਾ ਨਾਲ ਸਿੱਖ ਦ੍ਰਿਸ਼ਟੀਕੋਣ ਪੇਸ਼ ਕੀਤਾ ਅਤੇ ਪੰਜਾਬ ਦੇ ਸਾਰੇ ਖੇਤਰਾਂ ਵਿੱਚ ਸਿੱਖਾਂ ਲਈ 33% ਦੀ ਮੰਗ ਕੀਤੀ। 1929 ਵਿੱਚ ਆਪ ਅਕਾਲੀ ਦਲ ਅਤੇ ਕੇਂਦਰੀ ਸਿੱਖ ਲੀਗ ਦੇ ਪ੍ਰਧਾਨ ਰਹੇ।

ਮੁਸਲਿਮ ਲੀਗ ਦੁਆਰਾ 1940 ਈ: ਵਿੱਚ ਪਾਕਿਸਤਾਨ ਦੀ ਮੰਗ ਪੇਸ਼ ਹੋਣ ’ਤੇ ਮਾਸਟਰ ਜੀ ਪੂਰੇ ਜ਼ੋਰ ਨਾਲ ਪਾਕਿਸਤਾਨ ਦੀ ਮੰਗ ਦਾ ਵਿਰੋਧ ਕੀਤਾ ਅਤੇ 1941 ਈ: ਵਿੱਚ ਕਰਾਚੀ ਵਿਖੇ ਇੱਕ ਅਕਾਲੀ ਕਾਨਫ਼ਰੰਸ ਬੁਲਾ ਕੇ ਸਿੱਖਾਂ ਦੇ ਭਾਵਾਂ ਦਾ ਪ੍ਰਗਟਾਵਾ ਕੀਤਾ। ਜੇਕਰ ਮਾਸਟਰ ਜੀ ’ਚ ਲੱਖਾਂ ਵਿਰੋਧੀਆਂ ਦੇ ਸਾਹਮਣੇ ਲਾਹੌਰ ਅਸੈਂਬਲੀ ਦੇ ਬਾਹਰ ‘ਪਾਕਿਸਤਾਨ ਮੁਰਦਾਬਾਦ’ ਕਹਿਣ ਦੀ ਦਲੇਰੀ ਸੀ, ਤਾਂ 1955 ਈ: ਦੇ ਫਤਹਿਗੜ੍ਹ ਸਾਹਿਬ ਵਿੱਚ ਪੰਡਿਤ ਨਹਿਰੂ ਨੂੰ ਵਡਿਆਈ ਦੇਣ ਦੇ ਪ੍ਰੋਗਾਮ ’ਚ ਜਿੱਥੇ ਨਹਿਰੂ ਅੱਗੇ ਬੋਲਣਾ ਔਖਾ ਸੀ ਉੱਥੇ ਉਨ੍ਹਾਂ ਵਲੋਂ ਦੇਸ਼ ਦੇ ਪ੍ਰਧਾਨ ਮੰਤਰੀ ਤੋਂ ਮਾਈਕ ਪਕੜ ਕੇ ਚਨੌਤੀ ਦੇਣ ਲਈ ਸਾਹਸ ਤੇ ਜੁਰੱਅਤ ਵੀ ਸੀ। ਜਦੋਂ ਉਨ੍ਹਾਂ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਦੇ ਵਿਰੁੱਧ ਕਲਮ ਚੁੱਕੀ ਤਾਂ ਕੋਈ ਲਾਲਚ ਤੇ ਡਰ ਝੁਕਾ ਨਾ ਸਕਿਆ।



ਸਿੱਖ ਰਾਜਨੀਤੀ ਵਿੱਚ ਜਿੱਥੇ ਉਨ੍ਹਾਂ ਪੰਥ ਦੀ ਰਹਿਨੁਮਾਈ ਕੀਤੀ ਉੱਥੇ ਸਿੱਖਾਂ ਨੂੰ ਦੇਸ਼ ਦੀ ਆਜ਼ਾਦੀ ਦੇ ਸੰਗ੍ਰਾਮ ਵਿੱਚ ਵੀ ਪੂਰਾ ਯੋਗਦਾਨ ਪਾਉਣ ਲਈ ਵੀ ਪ੍ਰੇਰਿਤ ਕੀਤਾ। ਮਾਸਟਰ ਜੀ ਭਾਰਤ ਦੀ ਅਖੰਡਤਾ ਦੇ ਮੁਦੱਈ ਸਨ। ਉਹ ਮੁਲਕ ਦੀ ਵੰਡ ਦਾ ਅੰਤ ਤੱਕ ਵਿਰੋਧ ਕਰਦੇ ਰਹੇ। ਉਨ੍ਹਾਂ ਦਾ ਹਿੰਦੂ ਲੀਡਰ ਤੇ ਪ੍ਰਸਿੱਧ ਸੁਤੰਤਰਤਾ ਸੈਨਾਨੀ ਤੇ ਇਨਕਲਾਬੀ ਵੀਰ ਦਮੋਦਰ ਸਾਵਰਕਰ ਨਾਲ ਬੜਾ ਗੂੜ੍ਹਾ ਰਿਸ਼ਤਾ ਸੀ। ਮੌਲਾਨਾ ਆਜ਼ਾਦ ਨੇ ਆਪਣੀ ਪੁਸਤਕ ‘ਇੰਡਆ ਵਿੰਨਜ਼ ਫ਼ੀਡਮ’ਵਿੱਚ ਇਸ ਗੱਲ ਨੂੰ ਬੇਨਕਾਬ ਕੀਤਾ ਹੈ, ਕਿ ਮਾਸਟਰ ਜੀ ਅਤੇ ਗਾਂਧੀ ਜੀ ਵੰਡ ਦੇ ਸਖ਼ਤ ਵਿਰੋਧੀ ਸਨ।

ਮਾਸਟਰ ਤਾਰਾ ਸਿੰਘ ਜੀ ਦੀ ਸ਼ਖਸੀਅਤ ਬਹੁਪੱਖੀ ਸੀ। ਸੰਜੀਦਾ ਹੁੰਦੇ ਹੋਏ ਵੀ ਉਨ੍ਹਾਂ ਦਾ ਸੁਭਾਅ ਹੱਸਖੁੱਖ ਸੀ। ਉਹ ਗ਼ਰੀਬ ਲੋਕਾਂ ਦੇ ਦੁੱਖ-ਸੁੱਖ ਦੇ ਭਾਈਵਾਲ ਸਨ। ਉਨ੍ਹਾਂ ਦੀ ਦ੍ਰਿੜਤਾ ਤੇ ਸਚਾਈ ਨੂੰ ਜਿੱਥੇ ਸਿੱਖ ਕੌਮ ਵਲੋਂ ਪ੍ਰਸੰਸਾ ਅਤੇ ਸਨਮਾਨ ਪ੍ਰਾਪਤ ਹੋਇਆ। ਲਾਹੌਰ ਤੋਂ ਨਿਕਲਣ ਵਾਲੇ ਉਰਦੂ ਅਖ਼ਬਾਰ ‘ਨਵਾਏਵਕਤ’ ਨੇ ਇੱਕ ਵਾਰੀ ਲਿਖਿਆ ਸੀ ਕਿ ਮਾਸਟਰ ਤਾਰਾ ਸਿੰਘ ਕੀ ਜੁਤੀਉਂ ਕੀ ਤੁਫੈਲ ਕਈ ਸਿੱਖ ਲੀਡਰ ਵਜ਼ੀਰ ਹੋਰ ਜੱਜ ਬਣ ਗਏ ਮਗਰ ਮਾਸਟਰ ਜੀ ਆਪਣੇ ਮੁਕਾਮ ਪਰ ਹੀ ਗਾਮਜ਼ਨ ਰਹੇ।

ਮਾਸਟਰ ਜੀ ਦੀ ਪੜ੍ਹਾਈ ਦੇ ਖੇਤਰ ਵਿੱਚ ਖ਼ਾਲਸਾ ਕਾਲਜ ਅੰਮ੍ਰਿਤਸਰ, ਸਿੱਖ ਨੈਸ਼ਨਲ ਕਾਲਜ ਲਾਹੌਰ ਅਤੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ ਨੂੰ ਮਹਾਨ ਦੇਣ ਹੈ। ਮਾਸਟਰ ਜੀ ਨੇ ਪੰਜਾਬੀ ਪੱਤਰਕਾਰੀ ਤੇ ਉਰਦੂ ਪੱਤਰਕਾਰੀ ਵਿੱਚ ਵੀ ਨਾਂ ਪੈਦਾ ਕੀਤਾ। ਦੇਸ਼ ਆਜ਼ਾਦ ਹੋਣ ਮਗਰੋਂ ਉਰਦੂ ‘ਪ੍ਰਭਾਤ’ ਤੋਂ ਬਿਨ੍ਹਾਂ ਮਾਸਿਕ ਪੱਤਰ ‘ਸੰਤ ਸਿਪਾਹੀ’ ਵੀ ਕੱਢਦੇ ਰਹੇ। ਉਹ ਇੱਕ ਚੰਗੇ ਸਾਹਿਤ ਰਚੇਤਾ ਵੀ ਸਨ। ਉਨ੍ਹਾਂ ਦੀਆਂ ਪ੍ਰਸਿੱਧ ਪੁਸਤਕਾਂ ਜਿਵੇਂ:‘ਬਾਬਾ ਤੇਗ਼ਾ ਸਿੰਘ’, ‘ਪ੍ਰੇਮ ਲਗਨ’(ਦੋਵੇਂ ਨਾਵਲ), ‘ਕਿਉਂ ਵਰਨੀ ਕਿਵ ਜਾਣਾ’, ‘ਪੰਥਕ ਨਿਸ਼ਾਨਾ’, ‘ਮੇਰੀ ਯਾਦ’ ਆਦਿ ਹਨ। ਉਹ ਨੌਜਵਾਨਾਂ ਨੂੰ ਉਤਸ਼ਾਹ ਦੇਣ ਲਈ ਅੰਗਰੇਜ਼ ਲਿਖਾਰੀ ਸੈਮੀਉਲ ਸਮਾਇਲ ਦੀਆਂ ਪ੍ਰਸਿੱਧ ਕਿਤਾਬਾਂ ‘ਡਿਊਟੀ’, ‘ਕਰੈਕਟਰ’, ‘ਸੈਲਫ਼ ਹੈਲਪ’ ਪੜ੍ਹਨ ਲਈ ਕਿਹਾ ਕਰਦੇ ਸਨ। ਉਨ੍ਹਾਂ ਦੇ ਕੁੱਝ ਪ੍ਰਸਿੱਧ ਕਥਨ ਹਨ: ‘ਮੈਂ ਗਲਤੀਆਂ ਤਾਂ ਅਨੇਕਾਂ ਕੀਤੀਆਂ ਹੋਣਗੀਆਂ ਪ੍ਰੰਤੂ ਗ਼ੱਦਾਰੀ ਕਦੇ ਨਹੀਂ ਕੀਤੀ, ਗਲਤੀਆਂ ਮੁਆਫ਼ ਕਰੋ ਤੇ ਗ਼ੱਦਾਰੀ ਦੀ ਸਜ਼ਾ ਮੌਤ ਦਿਉ।’ ਜਿਸਨੇ ਤੰਗੀ ਤੇ ਗ਼ਰੀਬੀ ਨਹੀਂ ਵੇਖੀ ਉਸਦਾ ਜੀਵਨ ਬੇ-ਸੁਆਦ ਹੈ।’ ਜਿਹੜਾ ਤਾਕਤ ਪਕੜ ਕੇ ਸਮਝੌਤਾ ਨਹੀਂ ਕਰ ਸਕਦਾ ਉਹ ਕਮਜ਼ੋਰੀ ਵਿੱਚ ਗਿਰ ਕੇ ਤਰਲੇ ਕਰੇਗਾ।’ ‘ਸੇਵਾ ਤੋਂ ਲੀਡਰੀ ਮਿਲਦੀ ਹੈ ਤੇ ਲੀਡਰੀ ਤੋਂ ਹੈਂਕੜ’।

ਮਾਸਟਰ ਤਾਰਾ ਸਿੰਘ ਨੇ ਆਜ਼ਾਦ ਭਾਰਤ ਵਿੱਚ ਸਿੱਖਾਂ ਦੀ ਰਾਖੀ ਲਈ 20 ਸਾਲ ਨਿਰੰਤਰ ਸੰਘਰਸ਼ ਕਰਨਾ ਪਿਆ। 1956 ਈ: ਵਿੱਚ ਮਾਸਟਰ ਜੀ ਦੀ ਆਸ ਅਨੁਸਾਰ ਰਿਜ਼ਨਲ ਫ਼ਾਰਮੂਲ੍ਹੇ ਦਾ ਸਮਝੌਤਾ ਹੋਇਆ ਤੇਸਿੱਖ ਪੱਛੜੀਆਂ ਜਾਤੀਆਂ ਦੇ ਹਿੱਤਾਂ ਲਈ ਮੋਰਚਾ ਲਾਇਆ। ‘ਪੰਜਾਬੀ ਸੂਬਾ ਜ਼ਿੰਦਾਬਾਦ’ ਦਾ ਨਾਅਰਾ ਲਗਾਉਣ ਤੇ ਸ਼੍ਰੀ ਸੱਚਰ (ਮੁੱਖ ਮੰਤਰੀ, ਪੰਜਾਬ) ਨੇ ਪਾਬੰਦੀ ਲਾਈ ਤੇ 1955 ਤੇ 1960 ਪੰਜਾਬੀ ਸੂਬਾ ਮੋਰਚਾ ਲੱਗਾ ਤੇ ਕ੍ਰਮਵਾਰ 12,000 ਅਤੇ 50,000 ਦੇ ਕਰੀਬ ਪੰਜਾਬੀ ਜੇਲ੍ਹਾਂ ’ਚ ਗਏ ਤੇ ਕਈਆਂ ਨੇ ਕੁਰਬਾਨੀਆਂ ਦਿੱਤੀਆਂ। ਮਾਸਟਰ ਜੀ ਨੇ ਪੰਜਾਬੀ ਭਾਸ਼ਾ ਦੀ ਰੱਖਿਆ ਵਾਸਤੇ ਇੱਕ ਵੱਖਰੇ ਸੂਬੇ ਦੀ ਮੰਗ ਲਈ ਸੰਘਰਸ਼ ਸ਼ੁਰੂ ਕੀਤਾ। ਉਨ੍ਹਾਂ ਨੂੰ ਇਸ ਮੰਤਵ ਲਈ ਕਈ ਵਾਰ ਜੇਲ੍ਹ ਜਾਣਾ ਪਿਆ ਅਤੇ ਕਈ ਹੜਤਾਲਾਂ, ਮੋਰਚੇ ਲਗਾਉਣੇ ਪਏ। ਆਖ਼ਰ 1966 ਈ: ਵਿੱਚ ਪੰਜਾਬੀ ਭਾਸ਼ਾ ਦੇ ਆਧਾਰ ’ਤੇ ਨਵਾਂ ਪੰਜਾਬ ਹੋਂਦ ਵਿੱਚ ਆਇਆ। ਉਹ ਸਦਾ ਕਿਹਾ ਕਰਦੇ ਸਨ: ‘ਮੈਂ ਮਰਾਂ ਤੇ ਪੰਥ ਜੀਵੇ’ ਤੇ ਉਨ੍ਹਾਂ ਨੇ ਆਪਣਾ ਅੰਤਲਾ ਸਾਹ ਵੀ ਪੰਥ ਦੀ ਚੜ੍ਹਦੀ ਕਲਾ ਦੀ ਕਾਮਨਾ ’ਚ ਹੀ ਲਾਇਆ। ਮਾਸਟਰ ਜੀ ਨੇ 82 ਸਾਲ ਦੀ ਉਮਰ ਵਿੱਚ 22 ਨਵੰਬਰ, 1967 ਨੂੰ ਦਿਲ ਦਾ ਦੌਰਾ ਪੈ ਜਾਣ ਕਾਰਨ ਚੰਡੀਗੜ੍ਹ ਦੇ ਪੀ.ਜੀ.ਆਈ.ਵਿੱਚ ਰਾਤ ਨੂੰ ਡੇਢ ਵਜੇ ਫ਼ਾਨੀ ਸੰਸਾਰ ਨੂੰ ਆਖਰੀ ਸਲਾਮ ਕਹਿ ਦਿੱਤੀ। ਉਨ੍ਹਾਂ ਦੇ ਅੰਤਲੇ ਸ਼ਬਦ ਇਹ ਸਨ ਕਿ ਸਿੱਖਾਂ ਨੂੰ ਕੌਮ ਦੇ ਇਤਿਹਾਸ ਵਿੱਚ ਆਪਣੀ ਅਹਿਮ ਭੂਮਿਕਾ ਅਦਾ ਕਰਦੇ ਰਹਿਣਾ ਚਹੀਦਾ ਹੈ। ਅਜੋਕੀ ਨੌਜਵਾਨ ਪੀੜ੍ਹੀ ਲਈ ਉਨ੍ਹਾਂ ਦੀ ਦੇਸ਼-ਭਗਤੀ, ਨਿਰਭੈਤਾ, ਅਥਾਹ ਸਿਦਕਦਿਲੀ, ਇਨਕਲਾਬੀ ਜੋਸ਼ ਤੇ ਬੇਮਿਸਾਲ ਕੁਰਬਾਨੀ ਦੀ ਭਾਵਨਾ ਹਰ ਪੰਜਾਬੀ ਲਈ ਪ੍ਰੇਰਣਾ ਸ੍ਰੋਤ ਬਣੀ ਰਹੇਗੀ।

ਹਰਦੀਪ ਸਿੰਘ ਝੱਜ
-ਪਿੰਡ ਤੇ ਡਾਕਖਾਨਾ: ਭਨਾਮ, ਤਹਿ: ਨੰਗਲ ਡੈਮ ਜਿਲ੍ਹਾ ਰੂਪਨਗਰ (ਪੰਜਾਬ)। ਸੰਪਰਕ: 94633-64992

# ਵੀਰੇ, ਬਸ ਸਟਾਰ ਦੇ ਦੇਵੀਂ

-ਅਮਨਿੰਦਰ ਪਾਲ-

ਬਚਪਨ ਮਾਲਵੇ ਦੇ ਪਿੰਡਾਂ ਵਰਗੇ ਸ਼ਹਿਰ 'ਚ ਬੀਤਿਆ ਸੀ। ਛੁੱਟੀਆਂ ਵਿੱਚ ਦੋ ਕੁ ਦਿਨਾਂ ਲਈ ਉਥੇ ਗਿਆ ਤਾਂ ਨਿਆਣੇ ਦੀ ਮੰਗ ਸੀ ਕਿ ਕੁਝ ਬਜ਼ਾਰੋਂ ਮੰਗਵਾ ਕੇ ਖਾਣਾ ਹੈ। ਜਿਸ ਘਰ ਵਿੱਚ ਰਹਿ ਰਿਹਾ ਸਾਂ, ਉਹ ਬਾਜ਼ਾਰ ਤੋਂ ਦੂਰ ਸੀ। ਉਤੋਂ ਤਪਦਾ ਦੁਪਹਿਰਾ। ਮੈਂ ਧੁੱਪ ਦਾ ਬਹਾਨਾ ਕਰਿਆ। ਨਿਆਣੇ ਨੇ ਹੱਸ ਕੇ ਕਿਹਾ ਕਿ ਮੋਬਾਈਲ ਤੋਂ ਮੰਗਵਾ ਲਵੋ। ਉਹਦਾ ਇਸ਼ਾਰਾ ਮੋਬਾਈਲ ਫੋਨ 'ਤੇ ਮਿਲਦੀ ਉਸ ਸਹੂਲਤ ਵੱਲ ਸੀ (ਜਿਸ ਨੂੰ ਮੋਬਾਈਲ ਐਪਲੀਕੇਸ਼ਨ ਜਾਂ ਆਮ ਭਾਸ਼ਾ 'ਚ ਐਪ ਕਿਹਾ ਜਾਂਦਾ ਹੈ) ਜਿਸ ਰਾਹੀਂ ਲੋਕ ਘਰ ਬੈਠੇ ਹੀ ਖਾਣ ਵਾਲੀਆਂ ਵਸਤਾਂ ਮੰਗਵਾ ਲੈਂਦੇ ਹਨ।

ਅੱਜ ਤੱਕ ਸਬੱਬ ਹੀ ਅਜਿਹੇ ਬਣਦੇ ਰਹੇ ਸਨ ਕਿ ਜਦੋਂ ਵੀ ਪੰਜਾਬ ਆਉਂਦੇ, ਉਦੋਂ ਕਦੇ ਕੋਈ ਚੀਜ਼ ਮੋਬਾਈਲ ਰਾਹੀਂ ਨਹੀਂ ਸਾਂ ਮੰਗਵਾਉਂਦੇ। ਉਸ ਦਾ ਕਾਰਨ ਸ਼ਾਇਦ ਆਪਣੀ ਭੋਇੰ ਬਾਬਤ ਆਪੂੰ ਸਿਰਜਿਆ ਭਰਮ ਸੀ ਜਿਸ ਨੇ ਮੇਰੇ ਅਚੇਤ ਮਨ ਦੀ ਕਿਸੇ ਨੁੱਕਰੇ ਇਹ ਖਿਆਲ ਧਰ ਦਿੱਤਾ ਸੀ ਕਿ ਖਪਤਵਾਦ ਦੀ ਹਨੇਰੀ ਅਤੇ ਉਸ ਦੀ ਪੈਦਾਇਸ਼ ਇਨ੍ਹਾਂ ਮੋਬਾਈਲ ਐਪ ਨੂੰ ਸਾਡੇ ਪਿੰਡਾਂ ਵਰਗੇ ਸ਼ਹਿਰਾਂ 'ਚ ਅੱਪੜਨ ਲਈ ਹਾਲੇ ਲੰਮਾ ਸਮਾਂ ਲੱਗੇਗਾ। ਹਾਲਾਂ ਤੀਕ ਮੇਰੀ ਕਲਪਨਾ ਸੋਹਣੇ ਪੰਜਾਬੀ ਗੱਭਰੂ ਦਾ ਉਹ ਬਿੰਬ ਨਹੀਂ ਸੀ ਸਿਰਜ ਸਕੀ, ਜਿਸ ਵਿੱਚ ਉਹ ਖਪਤੀ ਬਾਸ਼ਿੰਦਿਆਂ ਦੀਆਂ ਮੋਬਾਈਲਾਂ 'ਤੇ ਫਿਰ ਰਹੀਆਂ ਉਂਗਲਾਂ ਦੇ ਇਸ਼ਾਰਿਆਂ 'ਤੇ ਨੱਚਦੇ ਹੋਏ, ਵੱਡੇ ਵੱਡੇ ਬਸਤੇ ਮੋਢਿਆਂ 'ਤੇ ਲਟਕਾਈ, ਡਲਿਵਰੀਆਂ ਦੇਣ ਦੀ ਕਾਹਲ ਵਿੱਚ ਹਫਿਆ ਫਿਰਦਾ ਸਕੂਟਰ-ਮੋਟਰ ਸਾਈਕਲਾਂ 'ਤੇ ਭੱਜਿਆ ਫਿਰਦਾ ਦਿਖਾਈ ਦਿੰਦਾ, ਪਰ ਮੈਂ ਗਲਤ ਸਾਂ। ਨਿਆਣੇ ਦਾ ਕਿਹਾ ਮੰਨ ਕੇ ਮੋਬਾਈਲ ਤੋਂ ਆਰਡਰ ਕਰ ਦਿੱਤਾ। ਅੱਧੇ ਘੰਟੇ ਬਾਅਦ ਲਾਲ ਵਰਦੀ ਤੇ ਵੱਡਾ ਸਾਰਾ ਲਾਲ ਬਸਤਾ ਮੋਢਿਆਂ 'ਤੇ ਲਟਕਾਈ 22 ਕੁ ਸਾਲਾਂ ਦਾ ਪੇਂਡੂ ਗੱਭਰੂ ਸਾਮਾਨ ਲੈ ਆਇਆ। ਮੈਂ ਉਹਨੂੰ ਬਿਲ ਦੇ ਪੈਸੇ ਦਿੱਤੇ। ਉਸ ਪੈਸੇ ਫੜੇ 'ਤੇ ਜਾਣ ਲੱਗੇ ਅਰਜੋਈ ਕਰ ਕੇ ਕਿਹਾ, ‘‘ਭਾਅ ਜੀ! ਬਸ ਸਟਾਰ ਜ਼ਰੂਰ ਦੇ ਦੇਣਾ।’’

ਅਗਲੇ ਦਿਨ ਆਪਣੇ ਸ਼ਹਿਰ ਪਰਤੇ। ਇਹ ਇਲਮ ਹੋਣ ਤੋਂ ਬਾਅਦ ਕਿ ਮੋਬਾਈਲ ਦੀਆਂ ਐਪਾਂ ਦਾ ਜਾਲ ਸਾਡੇ ਪਿੰਡਾਂ ਵਰਗੇ ਸ਼ਹਿਰਾਂ ਦੇ ਆਸਮਾਨ 'ਤੇ ਖੂਬ ਫੈਲ ਚੁੱਕਾ ਹੈ, ਮੈਂ ਫਿਰ ਮੋਬਾਈਲ 'ਤੇ ਇੱਕ ਆਰਡਰ ਕੀਤਾ। ਅਸਲੀ ਇੱਛਾ ਸਟਾਰ ਦੀ ਕੀਮਤ ਜਾਨਣ ਦੀ ਸੀ। ਦਸ ਪੰਦਰਾਂ ਮਿੰਟਾਂ ਵਿੱਚ ਮੁੰਡਾ ਆਰਡਰ ਲੈ ਆਇਆ। ਉਹ ਸ਼ਹਿਰ ਲਾਗਲੇ ਪਿੰਡ ਦਾ ਰਹਿਣ ਵਾਲਾ ਸੀ। ਮੈਂ ਬਿਲ ਦੇ ਪੈਸੇ ਦਿੱਤੇ ਅਤੇ ਉਸ ਨੇ ਪੋਲਾ ਜਿਹਾ ਮੂੰਹ ਕਰ ਕੇ ਕਿਹਾ, ‘‘ਵੀਰੇ, ਬਸ ਸਟਾਰ ਜ਼ਰੂਰ ਦੇ ਦੇਵੀਂ।’’ ਉਹਨੇ ਦੱਸਿਆ ਕਿ ਡਲਿਵਰੀ ਤੋਂ ਬਾਅਦ ਮੋਬਾਈਲ ਦੀ ਸਕਰੀਨ 'ਤੇ ਪੰਜ ਤਾਰੇ ਦਿਸਦੇ ਹਨ। ਜੇ ਕੋਈ ਸਾਮਾਨ ਮੰਗਵਾਉਣ ਵਾਲਾ ਪੰਜੇ ਤਾਰਿਆਂ 'ਤੇ ਸਹੀ ਲਾ ਦੇਵੇ ਤਾਂ ਇਸ ਦਾ ਮਤਲਬ ਹੈ ਕਿ ਮੁੰਡੇ ਦੀ ਸਰਵਿਸ ਬੜੀ ਚੰਗੀ ਸੀ।

ਮੈਂ ਸਟਾਰ ਦਾ ਮੁੱਲ ਪੁੱਛਿਆ ਤਾਂ ਉਸ ਨੇ ਕਿਹਾ, ‘‘ਗੇੜੇ ਦੇ ਬਹੁਤੇ ਪੈਸੇ ਨਹੀਂ ਮਿਲਦੇ। ਜੇ ਗਾਹਕ ਪੰਜੇ ਸਟਾਰਾਂ 'ਤੇ ਸਹੀ ਲਾ ਦੇਵੇ ਤਾਂ ਡਲਿਵਰੀ ਦੇਣ ਵਾਲੇ ਨੂੰ ਇੱਕ ਆਰਡਰ ਮਗਰ 10-15 ਰੁਪਏ ਵਾਧੂ ਮਿਲ ਜਾਂਦੇ ਹਨ, ਜੇ ਦਿਹਾੜੀ ਦੇ ਦਸ ਗੇੜੇ ਲੱਗ ਜਾਣ ਤਾਂ 100 ਰੁਪਏ ਵਾਧੂ ਬਣ ਜਾਂਦੇ ਹਨ, ਬਸ਼ਰਤੇ ਹਰ ਗਾਹਕ ਪੰਜ ਸਟਾਰ ਦੇਵੇ। ਮੇਰੇ ਵਰਗੇ ਜਿੰਨੇ ਵੀ ਤੁਰੇ ਫਿਰਦੇ ਹਨ, ਸਭ ਦਾ ਇਹੀ ਜ਼ੋਰ ਹੁੰਦਾ ਹੈ ਕਿ ਬਸ ਸਟਾਰ ਮਿਲ ਜਾਣ।’’

ਮੁੰਡੇ ਨੇ ਸਾਮਾਨ ਫੜਾਇਆ, ਮੋਟਰ ਸਾਈਕਲ ਦੀ ਕਿੱਕ ਮਾਰੀ ਤੇ ਵਾਪਸ ਮੁੜ ਗਿਆ। ਉਹ ਦੂਰ ਹੁੰਦਾ ਗਿਆ। ਉਸ ਦੇ ਪੈਰ-ਦਰ-ਪੈਰ ਧੁੰਦੇ ਹੁੰਦੇ ਜਾ ਰਹੇ ਅਕਸ ਵੱਲ ਆਪਣੀਆਂ ਨਜ਼ਰਾਂ ਗੱਡੀ ਬੈਠਾ ਮੈਂ ਸੋਚ ਰਿਹਾ ਸਾਂ ਕਿ ਪੰਜਾਬ ਦੇ ਪੁੱਤ, ਜਿਨ੍ਹਾਂ ਦੀ ਤੁਰੇ ਜਾਂਦਿਆਂ ਦੀ ਮਸਤੀ ਨੂੰ ਕਾਇਨਾਤ ਖਲੋ ਕੇ ਪ੍ਰਣਾਮ ਕਰਦੀ ਸੀ, ਘਰ ਘਰ ਰੁਜ਼ਗਾਰ ਵੰਡਣ ਵਾਲੇ ਅਦਾਰਿਆਂ ਨੇ ਉਹ ਪੁੱਤ ਸ਼ਹਿਰਾਂ ਦੀਆਂ ਸੁੰਨੀਆਂ ਤੇ ਖੁਸ਼ਕ ਗਲੀਆਂ 'ਚ ਸਟਾਰ ਮੰਗਣ ਲਾ ਦਿੱਤੇ।

ਫਾਰਮ ਅਤੇ ਨਰਸਰੀ ਵਿੱਚ ਬੀਬੀਆਂ ਅਤੇ ਬੰਦਿਆਂ ਦੀ ਲੋੜ
ਫਾਰਮ ਵਿੱਚ ਮਟਰ, ਫਲੀਆਂ, ਬੀਨਜ, ਸਟ੍ਰਾਬਰੀ ਆਦਿ ਤੋੜਨ ਲਈ ਬੀਬੀਆਂ ਅਤੇ ਬੰਦਿਆਂ ਦੀ ਲੋੜ ਹੈ। ਨਰਸਰੀ ਵਿੱਚ ਵੀ ਕਾਮਿਆਂ ਦੀ ਲੋੜ ਹੈ। ਬਰੈਂਪਟਨ ਅਤੇ ਮਿਸੀਸਾਗਾ ਨੋਰਥ ਏਰੀਆ ਤੋਂ ਰਾਈਡ ਵੀ ਦਿੱਤੀ ਜਾਂਦੀ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647-400-0060/ 647-621-1024
Raincoat ਦਾ ਹੋਣਾ ਜਰੂਰੀ ਹੈ

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
$1,000
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
◦ Machine Operators
◦ AZ-DZ Drivers
◦ Forklift Driver
◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# When it's not an emergency, but it can't wait



## NEW HOURS

**8:00 a.m. – 9:00 p.m.**
*every day*
EFFECTIVE August 7, 2019

**Your one-stop option for an illness or injury that isn't an emergency, but just can't wait.**

- No referral or appointment needed
- Staffed by emergency-trained doctors and nurses
- Onsite high-tech diagnostics *(e.g., x-ray, CT scan and laboratory services)*
- Services covered by a valid Ontario health card

Peel Memorial Centre for Integrated Health & Wellness
20 Lynch Street, Brampton, Ontario
(905) 494-2120 | www.williamoslerhs.ca

### When to go to the Urgent Care Centre

**Open 8:00 a.m. – 9:00 p.m.,** *every day*
EFFECTIVE: **August 7, 2019**

**Visit the Urgent Care Centre for illnesses or injuries such as:**

Sprains, strains or broken bones
Allergic reactions, skin rashes
Asthma attacks
Minor burns
Cuts that might need stitches
Earaches, eye injuries
Fevers, coughs and colds
Infections
Nose and throat complaints
*No referral or appointment needed*

### When to go to an Emergency Department

**Open 24 hours a day,** *every day*

**Go to an Emergency Department if you have a serious injury or condition such as:**

Chest pain or abdominal pain
Shortness of breath, dizziness/fainting
Internal bleeding
Numbness or weakness in arms or hands
Major trauma
Mental health issues
Fever in infants 3 months and younger
Overdose/poisoning
Pregnancy-related emergencies
Seizures, Stroke symptoms
Any serious condition that you feel is getting worse

***Ambulances do not go to the Urgent Care Centre.***
**If you have severe chest pain, stroke symptoms, or you are uncertain, always CALL 9-1-1 or go to your nearest Emergency Department.**

# Ride Ontario's Heritage Railway




SOUTH SIMCOE RAILWAY
ONTARIO'S FIRST STEAM HERITAGE RAILWAY

Celebrate **Canada Day** on our Antique Train

## ਸਾਡੀ ਰੇਲ ਗੱਡੀ ਆਈ ...

ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ
ਕੈਨੇਡਾ ਡੇਅ ਵੀਕਐਂਡ ਆਪਣੇ ਪਰਿਵਾਰ ਨਾਲ ਮਨਾਓ
ਅਤੇ ਗਰਮੀਆਂ ਦੀਆਂ ਛੁੱਟੀਆਂ ਵਿੱਚ ਆਪਣੇ ਪਰਿਵਾਰ ਨਾਲ
ਕੁਦਰਤੀ ਨਜ਼ਾਰਿਆਂ ਦਾ ਹੈਰੀਟੇਜ਼ ਰੇਲ ਗੱਡੀ ਰਾਹੀਂ ਆਨੰਦ ਮਾਣੋ

*Ask about on-board Birthday Parties!*



ਇਥੇ ਮਨਮੋਹਣੇ ਪਾਰਕਾਂ ਵਿੱਚ ਪਿਕਨਿਕ ਦਾ ਨਜ਼ਾਰਾ ਲੈਣ ਲਈ Visit ਕਰੋ: www.tottenhamconservation.com

GPS 44 . 01 . 19 N
79 . 48 . 27 W

**or call 905.936.5815**

VISA MasterCard Interac

